ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 3 ਜਨਵਰੀ 2026 (ਨਾਨਕਸ਼ਾਹੀ ਸੰਮਤ : ੫੫੭, ੨੦ ਪੋਹ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਆਰਮੀ ਤੋਂ ਰਿਟਾਇਰਡ ਹੋ ਕੇ ਘਰ ਪਰਤ ਰਹੇ ਪਿਓ-ਪੁੱਤ ਭਿਆਨਕ ਹਾਦਸੇ ਦਾ ਸ਼ਿਕਾਰ

**ਹੁਸ਼ਿਆਰਪੁਰ, 2 ਜਨਵਰੀ (ਆਵਾਜ਼ਿ ਕੌਮ ਬਿਊਰੋ)**- ਮਾਹਿਲਪੁਰ-ਗੜ੍ਹਸ਼ੰਕਰ ਰੋਡ 'ਤੇ ਮਾਰੂਤੀ ਏਜੰਸੀ ਪਿੰਡ ਲੰਗੇਰੀ ਵੱਲ ਨੂੰ ਮੁੜਦੇ ਮੋੜ ਦੇ ਨੇੜੇ ਦੋ ਕਾਰਾਂ ਦੀ ਭਿਆਨਕ ਟੱਕਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਮਿਲੀ ਜਾਣਕਾਰੀ ਮੁਤਾਬਿਕ ਇਸ ਹਾਦਸੇ 'ਚ ਦੋ ਵਿਅਕਤੀ ਗੰਭੀਰ ਰੂਪ ਨਾਲ ਜ਼ਖਮੀ ਹੋ ਗਏ ਹਨ ਜਿਨ੍ਹਾਂ ਨੂੰ ਇਲਾਜ ਦੇ ਲਈ ਹਸਪਤਾਲ ਭਰਤੀ ਕਰਵਾਇਆ ਗਿਆ ਹੈ। ਦੱਸ ਦਈਏ ਕਿ ਜੰਮੂ ਤੋਂ ਰਿਟਾਇਰਡ ਹੋ ਕੇ ਆ ਰਹੇ ਫੌਜੀ ਅਤੇ ਉਸਦੇ ਪਿਤਾ ਇਕ ਸਕਾਰਪੀਓ ਗੱਡੀ ਨਾਲ ਟਕਰਾਉਣ ਕਾਰਨ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਮਾਹਿਲਪੁਰ ਲਿਆਂਦਾ ਗਿਆ। ਦੂਜੇ ਪਾਸੇ ਸਕਾਰਪੀਓ ਚਾਲਕ ਮੁਤਾਬਿਕ ਉਸਨੇ ਮੁੱਖ ਮਾਰਗ ਤੋਂ ਆਪਣੇ ਪਿੰਡ ਵੱਲ ਨੂੰ ਇਸ਼ਾਰਾ ਦੇ ਕੇ ਗੱਡੀ ਮੋੜੀ ਸੀ ਤਾਂ ਪੁੱਛਿਓ ਤੇਜ ਰਫ਼ਤਾਰ ਕਾਰ ਚਾਲਕ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਸਿਵਲ ਹਸਪਤਾਲ ਮਾਹਿਲਪੁਰ ਵਿਖੇ ਜੇਰੇ ਇਲਾਜ ਗੁਰਦੇਵ ਸਿੰਘ ਵਾਸੀ ਧੋਲਾ ਨੇ ਦੱਸਿਆ ਕਿ ਉਹ ਆਪਣੇ ਬੇਟੇ ਗੁਰਜੀਤ ਸਿੰਘ ਜੋ ਕਿ ਜੰਮੂ ਤੋਂ ਸੋਲਾਂ ਸਾਲ ਆਰਮੀ 'ਚੋ ਸਰਵਿਸ ਕਰਕੇ ਰਿਟਾਇਰ ਹੋ ਕੇ ਆਪਣੀ ਕਾਰ (ਪੀ ਬੀ.32 ਡਬਲਯੂ 9397) 'ਤੇ ਆ ਰਹੇ ਸਨ ਆ ਰਹੇ ਸੀ ਜਦੋਂ ਉਹ ਉਕਤ ਸਥਾਨ 'ਤੇ ਪਹੁੰਚੇ ਤਾਂ ਉਨ੍ਹਾਂ ਮੋਹਰੇ ਜਾ ਸਕਾਰਪਿਓ ਗੱਡੀ (ਪੀ ਬੀ 07 ਡਬਲਯੂ 5701) ਚਾਲਕ ਵਲੋਂ ਦੂਸਰੀ ਸਾਇਡ ਨੂੰ ਮੋੜਨ 'ਤੇ ਉਨ੍ਹਾਂ ਦੀ ਕਾਰ ਗੱਡੀ ਨਾਲ ਟਕਰਾ ਗਈ ਜਿਸ ਕਾਰਨ ਦੋਨੋ ਪਿਓ-ਪੁੱਤ ਜ਼ਖਮੀ ਹੋ ਗਏ।

## ਘੱਟ ਵਿਜ਼ੀਬਿਲਟੀ ਕਾਰਨ

# ਦਿੱਲੀ ਹਵਾਈ ਅੱਡੇ 'ਤੇ 66 ਉਡਾਣਾਂ ਰੱਦ, ਯਾਤਰੀ ਪ੍ਰੇਸ਼ਾਨ

**ਨਵੀਂ ਦਿੱਲੀ, 2 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਉੱਤਰੀ ਭਾਰਤ ਵਿੱਚ ਸੰਘਣੀ ਧੁੰਦ ਦਾ ਕਹਿਰ ਜਾਰੀ ਹੈ, ਜਿਸ ਕਾਰਨ ਅੱਜ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਸੰਘਣੀ ਧੁੰਦ ਅਤੇ ਘੱਟ ਵਿਜ਼ੀਬਿਲਟੀ ਕਰਕੇ ਵੱਖ-ਵੱਖ ਏਅਰਲਾਈਨਾਂ ਵੱਲੋਂ 66 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ। ਰੱਦ ਹੋਈਆਂ 66 ਉਡਾਣਾਂ ਵਿੱਚੋਂ 32 ਆਉਣ ਵਾਲੀਆਂ ਅਤੇ 34 ਜਾਣ ਵਾਲੀਆਂ ਸਨ। ਹਵਾਬਾਜ਼ੀ ਰੈਗੂਲੇਟਰ ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਏਵੀਏਸ਼ਨ (4731) ਨੇ ਇਸ ਵਾਰ 10 ਦਸੰਬਰ ਤੋਂ 10 ਫਰਵਰੀ ਤੱਕ ਦੇ ਸਮੇਂ ਨੂੰ ਅਧਿਕਾਰਤ 'ਫੌਗ ਵਿੰਡੋ' ਐਲਾਨਿਆ ਹੈ। ਧੁੰਦ ਦੌਰਾਨ ਉਡਾਣਾਂ ਨੂੰ ਸੁਚਾਰੂ ਰੱਖਣ ਲਈ ਏਅਰਲਾਈਨਾਂ ਲਈ ਅਜਿਹੇ ਪਾਇਲਟਾਂ ਦੀ ਡਿਊਟੀ ਲਗਾਉਣੀ ਲਾਜ਼ਮੀ ਹੈ, ਜੋ ਘੱਟ ਵਿਜ਼ੀਬਿਲਟੀ ਵਿੱਚ ਜਹਾਜ਼ ਉਡਾਉਣ ਦੀ



ਸਿਖਲਾਈ ਪ੍ਰਾਪਤ ਹਨ। ਇਨ੍ਹਾਂ ਨਿਯਮਾਂ ਅਨੁਸਾਰ ਧੁੰਦ ਵਿੱਚ ਸੁਰੱਖਿਅਤ ਲੈਂਡਿੰਗ ਲਈ ਜਹਾਜ਼ਾਂ ਦਾ 31"-9992 ਤਕਨੀਕ ਨਾਲ ਲੈਸ ਹੋਣਾ ਜ਼ਰੂਰੀ ਹੈ। ਜਿਸ ਵਿੱਚ ਸ਼੍ਰੇਣੀ-31 ਜਹਾਜ਼ਾਂ ਨੂੰ 200 ਮੀਟਰ ਦੀ ਵਿਜ਼ੀਬਿਲਟੀ ਵਿੱਚ ਲੈਂਡ ਕਰਨ ਦੀ ਇਜਾਜ਼ਤ ਦਿੰਦੀ ਹੈ। ਜਦੋਂ ਕਿ ਸ਼੍ਰੇਣੀ-32 ਇਹ ਬੇਹੱਦ ਆਧੁਨਿਕ ਸਿਸਟਮ ਹੈ, ਜੋ 50 ਮੀਟਰ ਤੋਂ ਵੀ ਘੱਟ ਵਿਜ਼ੀਬਿਲਟੀ ਵਿੱਚ ਜਹਾਜ਼ ਨੂੰ ਸੁਰੱਖਿਅਤ ਉਤਾਰਨ ਵਿੱਚ ਮਦਦ ਕਰਦਾ ਹੈ। ਦੱਸ ਦੇਈਏ ਕਿ ਰਾਸ਼ਟਰੀ ਰਾਜਧਾਨੀ ਦਿੱਲੀ 'ਚ ਸ਼ੁੱਕਰਵਾਰ ਸਵੇਰੇ ਸੰਘਣੀ ਧੁੰਦ ਛਾਈ ਰਹੀ, ਜਿਸ ਕਾਰਨ 'ਕੋਲਡ ਡੇਅ' ਵਰਗੀਆਂ ਸਥਿਤੀਆਂ ਬਣੀਆਂ ਰਹੀਆਂ। ਭਾਰਤੀ ਮੌਸਮ ਵਿਭਾਗ ਅਨੁਸਾਰ, ਦਿੱਲੀ ਦੇ ਵੱਖ-ਵੱਖ ਹਿੱਸਿਆਂ 'ਚ ਤਾਪਮਾਨ 'ਚ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ। ਸਫਦਰਜੰਗ 'ਚ ਘੱਟੋ-ਘੱਟ ਤਾਪਮਾਨ 9.1 ਡਿਗਰੀ ਸੈਲਸੀਅਸ ਰਿਹਾ, ਜਦਕਿ ਪਾਲਮ ਅਤੇ ਲੋਧੀ ਰੋਡ 'ਚ 9 ਡਿਗਰੀ, ਰਿਜ 'ਚ 8.7 ਡਿਗਰੀ ਅਤੇ ਆਇਆ ਨਗਰ 'ਚ ਇਹ ਸਭ ਤੋਂ ਘੱਟ 8.1 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

## ਸਿੱਖ ਟੈਕਸੀ ਡਰਾਈਵਰ ਹਰਦੀਪ ਸਿੰਘ ਬਣਿਆ ਮਸੀਹਾ, ਤੂਫ਼ਾਨ 'ਚ ਵੀ ਨਹੀਂ ਛੱਡਿਆ ਹੌਸਲਾ, ਕੈਬ 'ਚ ਕਰਵਾਈ ਡਿਲੀਵਰੀ

**ਕੈਲਗਰੀ, 2 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਕੈਨੇਡਾ ਦੇ ਕੈਲਗਰੀ ਸ਼ਹਿਰ ਵਿੱਚ ਭਿਆਨਕ ਸਰਦੀ ਦੇ ਤੂਫ਼ਾਨ ਦੌਰਾਨ ਇੱਕ ਟੈਕਸੀ ਡਰਾਈਵਰ ਨੇ ਮਨੁੱਖਤਾ ਅਤੇ ਹਿੰਮਤ ਦੀ ਸ਼ਾਨਦਾਰ ਮਿਸਾਲ ਕਾਇਮ ਕੀਤੀ। ਚੈਕਰ ਕੈਬਜ਼ ਨਾਲ ਜੁੜੇ ਤਜਰਬੇਕਾਰ ਟੈਕਸੀ ਡਰਾਈਵਰ ਹਰਦੀਪ ਸਿੰਘ ਤੂਰ ਉਸ ਵੇਲੇ ਅਸਲੀ ਹੀਰੋ ਬਣ ਗਏ, ਜਦੋਂ ਉਨ੍ਹਾਂ ਦੀ ਸਮਝਦਾਰੀ ਅਤੇ ਹੌਂਸਲੇ ਨਾਲ ਇਕ ਨਵੀਂ ਜ਼ਿੰਦਗੀ ਸੁਰੱਖਿਅਤ ਤਰੀਕੇ ਨਾਲ ਦੁਨੀਆ 'ਚ ਆਈ। ਘਟਨਾ ਉਸ ਰਾਤ ਦੀ ਹੈ ਜਦੋਂ ਕੈਲਗਰੀ 'ਚ ਤਾਪਮਾਨ ਮਾਇਨਸ 23 ਡਿਗਰੀ ਸੈਲਸੀਅਸ ਤੱਕ ਡਿੱਗ ਗਿਆ ਸੀ ਅਤੇ ਭਾਰੀ ਬਰਫ਼ਬਾਰੀ ਕਾਰਨ ਸੜਕਾਂ 'ਤੇ ਬਹੁਤ ਫਿਸਲਣ ਹੋ ਚੁੱਕੀ ਸੀ। ਹਰਦੀਪ ਸਿੰਘ ਤੂਰ ਨੇ ਇਕ ਜੋੜੇ ਨੂੰ ਹਸਪਤਾਲ ਛੱਡਣ ਲਈ ਕੈਬ 'ਚ ਬਿਠਾਇਆ, ਪਰ ਰਸਤੇ 'ਚ ਹੀ ਔਰਤ ਨੂੰ ਤੇਜ਼ ਦਰਦ (ਲੇਬਰ ਪੇਨ) ਸ਼ੁਰੂ ਹੋ ਗਈ। ਕੁਝ ਹੀ ਮਿੰਟਾਂ 'ਚ ਸਥਿਤੀ ਇੰਨੀ ਗੰਭੀਰ ਹੋ ਗਈ ਕਿ ਐਂਬੂਲੈਂਸ ਦੀ ਉਡੀਕ ਕਰਨਾ ਮੁਮਕਿਨ ਨਹੀਂ ਰਿਹਾ। ਸਥਿਤੀ ਨਾਜ਼ੁਕ ਸਮਝਦੇ ਹੋਏ ਵੀ ਤੂਰ ਨੇ ਹੌਂਸਲਾ ਨਹੀਂ ਹਾਰਿਆ। ਬਰਫ਼ ਨਾਲ ਢੱਕੀਆਂ ਸੜਕਾਂ 'ਤੇ ਬਹੁਤ ਸਾਵਧਾਨੀ



ਨਾਲ ਕੈਬ ਚਲਾਉਂਦੇ ਹੋਏ ਉਹ ਪੀਟਰ ਲਾਘੀਡ ਸੈਂਟਰ ਵੱਲ ਵਧਦੇ ਰਹੇ ਅਤੇ ਯਾਤਰੀਆਂ ਨੂੰ ਹੌਂਸਲਾ ਦਿੰਦੇ ਰਹੇ। ਹਸਪਤਾਲ ਤੋਂ ਸਿਰਫ਼ 2 ਬਲਾਕ ਪਹਿਲਾਂ ਹੀ ਕੈਬ ਦੀ ਪਿਛਲੀ ਸੀਟ 'ਤੇ ਇਕ ਸਿਹਤਮੰਦ ਬੱਚੀ ਦਾ ਜਨਮ ਹੋ ਗਿਆ। ਬੱਚੀ ਦੀ ਰੋਣ ਦੀ ਆਵਾਜ਼ ਸੁਣਦੇ ਹੀ ਹਰਦੀਪ ਸਿੰਘ ਤੂਰ ਨੇ ਇਸ ਪਲ ਨੂੰ "ਵੱਡੀ ਰਾਹਤ" ਕਰਾਰ ਦਿੱਤਾ। ਹਸਪਤਾਲ ਦੇ ਐਮਰਜੈਂਸੀ ਦਰਵਾਜ਼ੇ 'ਤੇ ਪਹੁੰਚਦੇ ਹੀ ਸੁਰੱਖਿਆ ਕਰਮਚਾਰੀ ਅਤੇ ਮੈਡੀਕਲ ਸਟਾਫ਼ ਨੇ ਤੁਰੰਤ ਮਾਮਲਾ ਸੰਭਾਲ ਲਿਆ। ਹਸਪਤਾਲ ਪ੍ਰਸ਼ਾਸਨ ਮੁਤਾਬਕ ਮਾਂ ਅਤੇ ਨਵਜਾਤ ਬੱਚੀ ਦੋਵੇਂ ਪੂਰੀ ਤਰ੍ਹਾਂ ਤੰਦਰੁਸਤ ਹਨ।

## ਸੀਬੀਆਈ ਵੱਲੋਂ ਅਦਾਲਤ 'ਚ ਜਵਾਬ ਦਾਖਲ, ਡੀ. ਆਈ. ਜੀ. ਹਰਚਰਨ ਭੁੱਲਰ ਦੀ ਜ਼ਮਾਨਤ ਅਰਜ਼ੀ 'ਤੇ ਹੋਈ ਸੁਣਵਾਈ

**ਚੰਡੀਗੜ੍ਹ, 2 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਭ੍ਰਿਸ਼ਟਾਚਾਰ ਮਾਮਲੇ 'ਚ ਗ੍ਰਿਫ਼ਤਾਰ ਪੰਜਾਬ ਪੁਲਿਸ ਦੇ ਸਾਬਕਾ ਡੀਆਈਜੀ ਹਰਚਰਨ ਸਿੰਘ ਭੁੱਲਰ ਵੱਲੋਂ ਦਾਇਰ ਜ਼ਮਾਨਤ ਪਟੀਸ਼ਨ 'ਤੇ ਅੱਜ (ਸ਼ੁੱਕਰਵਾਰ) ਨੂੰ ਚੰਡੀਗੜ੍ਹ ਸੀਬੀਆਈ ਅਦਾਲਤ 'ਚ ਸੁਣਵਾਈ



ਹੋਈ ਹੈ। ਪਿਛਲੀ ਸੁਣਵਾਈ 'ਤੇ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ ਭੁੱਲਰ ਦੀ ਜ਼ਮਾਨਤ ਅਰਜ਼ੀ 'ਤੇ ਚੰਡੀਗੜ੍ਹ ਸੀਬੀਆਈ ਤੋਂ ਜਵਾਬ ਮੰਗਿਆ ਸੀ। ਸੁਣਵਾਈ ਸਵੇਰੇ 10:30 ਵਜੇ ਸ਼ੁਰੂ ਹੋਈ ਅਤੇ ਦੁਪਹਿਰ 12:15 ਵਜੇ ਸਮਾਪਤ ਹੋਈ। ਜਿਸ 'ਤੇ ਸੀਬੀਆਈ ਨੇ ਕਿਹਾ ਕਿ ਉਸਨੂੰ ਆਪਣਾ ਜਵਾਬ ਦਾਇਰ ਕਰਨ ਲਈ ਸਮਾਂ ਚਾਹੀਦਾ ਹੈ। ਇਸ ਤੋਂ ਬਾਅਦ ਅਦਾਲਤ ਨੇ ਸੀਬੀਆਈ ਨੂੰ ਆਪਣਾ ਜਵਾਬ ਦਾਇਰ ਕਰਨ ਲਈ ਸਮਾਂ ਦਿੱਤਾ ਅਤੇ ਸੁਣਵਾਈ 2 ਜਨਵਰੀ, 2026 ਲਈ ਨਿਰਧਾਰਤ ਕੀਤੀ ਸੀ। ਜਿਸ ਤੋਂ ਬਾਅਦ ਅੱਜ ਸੀਬੀਆਈ ਨੇ ਅਦਾਲਤ 'ਚ ਸੁਣਵਾਈ ਦੌਰਾਨ ਆਪਣਾ ਜਵਾਬ ਦਾਖਲ ਕਰ ਦਿੱਤਾ ਹੈ। ਸੁਣਵਾਈ ਦੌਰਾਨ ਡੀਆਈਜੀ ਭੁੱਲਰ ਦੇ ਵਕੀਲ ਐਸਪੀਐਸ ਭੁੱਲਰ ਨੇ ਕਿਹਾ ਕਿ ਦਾਇਰ ਸੀਬੀਆਈ ਕੇਸ ਵਿੱਚ ਸਮਾਂ, ਮਿਤੀ ਜਾਂ ਸਥਾਨ ਦਾ ਜ਼ਿਕਰ ਨਹੀਂ ਹੈ। ਇਸ ਤੋਂ ਇਲਾਵਾ ਦਸਤਾਵੇਜ਼ਾਂ ਵਿੱਚ ਦੱਸੀ ਗਈ ਰਿਸ਼ਵਤ ਦੀ ਰਕਮ 'ਚ ਪਹਿਲਾਂ ਇੱਕ ਲੱਖ ਅਤੇ ਫਿਰ ਚਾਰ ਲੱਖ ਦਾ ਜ਼ਿਕਰ ਹੈ। ਵਕੀਲ ਨੇ ਇਹ ਵੀ ਕਿਹਾ ਕਿ ਸੀਬੀਆਈ ਦੁਆਰਾ ਰਿਸ਼ਵਤਖੋਰੀ ਲਈ ਚਲਾਨ ਵਿੱਚ ਵਰਤਿਆ ਗਿਆ ਸ਼ਬਦ "ਸੇਵਾ ਪਾਣੀ" ਹੈ। "ਸੇਵਾ ਪਾਣੀ" ਦਾ ਮਤਲਬ ਕੁਝ ਵੀ ਹੋ ਸਕਦਾ ਹੈ, ਜ਼ਰੂਰੀ ਨਹੀਂ ਕਿ ਇਸਦਾ ਮਤਲਬ ਰਿਸ਼ਵਤ ਹੀ ਹੋਵੇ। ਇਸ ਤੋਂ ਇਲਾਵਾ ਸੀਬੀਆਈ ਨੇ ਗ੍ਰਿਫ਼ਤਾਰੀ ਸਮੇਂ ਪੰਜਾਬ ਦੇ ਕਿਸੇ ਵੀ ਸੀਨੀਅਰ ਅਧਿਕਾਰੀ ਨੂੰ ਸੂਚਿਤ ਨਹੀਂ ਕੀਤਾ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਭੁੱਲਰ ਨੇ ਸੁਪਰੀਮ ਕੋਰਟ ਵਿੱਚ ਵੀ ਜ਼ਮਾਨਤ ਪਟੀਸ਼ਨ ਦਾਇਰ ਕੀਤੀ ਸੀ। ਪਿਛਲੇ ਸ਼ੁੱਕਰਵਾਰ (19 ਦਸੰਬਰ) ਨੂੰ ਸੁਪਰੀਮ ਕੋਰਟ ਨੇ ਭੁੱਲਰ ਦੀ ਅੰਤਰਿਮ ਰਾਹਤ ਦੀ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਭੁੱਲਰ ਦੇ ਵਕੀਲ ਨੇ ਬਾਅਦ ਵਿੱਚ ਪਟੀਸ਼ਨ ਵਾਪਸ ਲੈ ਲਈ। ਭੁੱਲਰ ਨੇ ਪਹਿਲਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਅੰਤਰਿਮ ਰਾਹਤ ਤੋਂ ਇਨਕਾਰ ਕੀਤੇ ਜਾਣ ਤੋਂ ਬਾਅਦ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ।

## ਪੰਜਾਬ 'ਚ ਅਜੇ ਹੋਰ ਵਧੇਗੀ ਠੰਢ, ਸੀਤ ਲਹਿਰ ਤੇ ਸੰਘਣੀ ਧੁੰਦ ਦੀ ਚੇਤਾਵਨੀ

**ਚੰਡੀਗੜ੍ਹ, 2 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਤੇ ਚੰਡੀਗੜ੍ਹ 'ਚ ਇਸ ਸਮੇਂ ਸੀਤ ਲਹਿਰ ਦੇ ਚੱਲਦੇ ਧੁੰਦ ਤੇ ਠੰਢ ਬਣੀ ਹੋਈ ਹੈ। ਮੌਸਮ ਵਿਭਾਗ ਮੁਤਾਬਿਕ ਲੋਕਾਂ ਨੂੰ 7 ਜਨਵਰੀ ਤੱਕ ਇਸਦਾ ਸਾਹਮਣਾ ਕਰਨਾ ਪਵੇਗਾ। ਰਾਤਾਂ ਹੋਰ ਵੀ ਠੰਢੀਆਂ ਹੋ ਜਾਣਗੀਆਂ। ਮੌਸਮ ਵਿਭਾਗ ਨੇ ਕੱਲ੍ਹ ਤੱਕ ਧੁੰਦ ਅਤੇ ਠੰਢੀ ਲਹਿਰ ਦੀ ਸਥਿਤੀ ਲਈ ਆਰੈਂਜ ਚਿਤਾਵਨੀ ਜਾਰੀ ਕੀਤੀ ਹੈ, ਅਤੇ ਭਵਿੱਖ ਲਈ ਯੈਲੋ ਚੇਤਾਵਨੀ ਜਾਰੀ ਕੀਤੀ ਹੈ। ਮੌਸਮ ਵਿਭਾਗ ਦੇ ਅਨੁਸਾਰ, ਕੱਲ੍ਹ, ਸ਼ਨੀਵਾਰ ਨੂੰ ਹੋਰ ਵੀ ਜਿਆਦਾ ਠੰਢ ਵਧ ਸਕਦੀ ਹੈ। ਕਿਉਂਕਿ ਇੱਕ ਪੱਛਮੀ ਗੜਬੜੀ ਸਰਗਰਮ ਹੋ ਰਹੀ ਹੈ। ਠੰਢੀਆਂ ਹਵਾਵਾਂ ਚੱਲਣਗੀਆਂ ਅਤੇ ਧੁੰਦ ਬਣੀ ਰਹੇਗੀ। ਅੱਜ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਹੁਸ਼ਿਆਰਪੁਰ, ਨਵਾਂਸ਼ਹਿਰ, ਕਪੂਰਥਲਾ, ਜਲੰਧਰ, ਫਿਰੋਜ਼ਪੁਰ,



ਫਾਜ਼ਿਲਕਾ, ਫਰੀਦਕੋਟ, ਮੁਕਤਸਰ, ਮੋਗਾ, ਬਠਿੰਡਾ, ਲੁਧਿਆਣਾ, ਬਰਨਾਲਾ, ਮਾਨਸਾ, ਸੰਗਰੂਰ, ਫਤਿਹਗੜ੍ਹ ਸਾਹਿਬ, ਰੂਪਨਗਰ, ਪਟਿਆਲਾ, ਮੁਹਾਲੀ ਅਤੇ ਮਲੇਰਕੋਟਲਾ ਵਿੱਚ ਬਹੁਤ ਸੰਘਣੀ ਧੁੰਦ ਪੈਣ ਦੀ ਸੰਭਾਵਨਾ ਹੈ। ਅੰਮ੍ਰਿਤਸਰ, ਕਪੂਰਥਲਾ, ਜਲੰਧਰ, ਲੁਧਿਆਣਾ, ਫਤਿਹਗੜ੍ਹ ਸਾਹਿਬ, ਪਟਿਆਲਾ ਅਤੇ ਐਸਏਐਸ ਨਗਰ (ਮੁਹਾਲੀ) ਵਿੱਚ ਠੰਢੇ ਦਿਨਾਂ ਦੀ ਸਥਿਤੀ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ, ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਜਲੰਧਰ, ਫਿਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ, ਮੁਕਤਸਰ, ਮੋਗਾ ਅਤੇ ਬਠਿੰਡਾ ਵਿੱਚ ਠੰਢ ਦੀ ਲਹਿਰ ਚੱਲਣ ਦੀ ਸੰਭਾਵਨਾ ਹੈ। ਇਸ ਲਈ, ਲੋਕਾਂ ਨੂੰ ਸਵੇਰੇ ਅਤੇ ਸ਼ਾਮ ਨੂੰ ਬਾਹਰ ਨਿਕਲਣ ਵੇਲੇ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਗਈ ਹੈ।

**ਅਫ਼ਗਾਨਿਸਤਾਨ 'ਚ ਭਾਰੀ ਮੀਂਹ ਅਤੇ ਬਰਫ਼ਬਾਰੀ, ਅਚਾਨਕ ਹੜ੍ਹਾਂ ਕਾਰਨ 17 ਲੋਕਾਂ ਦੀ ਮੌਤ :** ਅਫਗਾਨਿਸਤਾਨ ਵਿੱਚ ਸੀਜ਼ਨ ਦੀ ਪਹਿਲੀ ਭਾਰੀ ਬਾਰਿਸ਼ ਅਤੇ ਬਰਫ਼ਬਾਰੀ ਨੇ ਲੰਬੇ ਸੁੱਕੇ ਦੌਰ ਨੂੰ ਖਤਮ ਕਰ ਦਿੱਤਾ, ਪਰ ਕਈ ਇਲਾਕਿਆਂ ਵਿੱਚ ਅਚਾਨਕ ਆਏ ਹੜ੍ਹਾਂ ਕਾਰਨ 17 ਲੋਕਾਂ ਦੀ ਮੌਤ ਹੋ ਗਈ ਅਤੇ 11 ਹੋਰ ਜ਼ਖਮੀ ਹੋ ਗਏ, ਅਫਗਾਨਿਸਤਾਨ ਦੀ ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ ਦੇ ਬੁਲਾਰੇ ਨੇ ਕਿਹਾ। ਹੇਰਾਤ ਸੂਬੇ ਦੇ ਕਬਾਕਨ ਜ਼ਿਲ੍ਹੇ ਵਿੱਚ ਇੱਕ ਘਰ ਦੀ ਛੱਤ ਡਿੱਗਣ ਨਾਲ ਇੱਕ ਪਰਿਵਾਰ ਦੇ ਪੰਜ ਮੈਂਬਰਾਂ ਦੀ ਮੌਤ ਹੋ ਗਈ। ਹੇਰਾਤ ਦੇ ਗਵਰਨਰ ਦੇ ਬੁਲਾਰੇ ਮੁਹੰਮਦ ਯੂਸਫ਼ ਸਈਦੀ ਦੇ ਅਨੁਸਾਰ, ਮਰਨ ਵਾਲਿਆਂ ਵਿੱਚ ਦੋ ਬੱਚੇ ਸ਼ਾਮਲ ਹਨ। ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ ਦੇ ਬੁਲਾਰੇ ਮੁਹੰਮਦ ਯੂਸਫ਼ ਹਮਾਦ ਨੇ ਕਿਹਾ ਕਿ ਮੌਸਮ ਨੇ ਦੇਸ਼ ਦੇ ਮੱਧ, ਉੱਤਰੀ, ਦੱਖਣੀ ਅਤੇ ਪੱਛਮੀ ਖੇਤਰਾਂ ਵਿੱਚ ਜਨਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਹਮਾਦ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਿਆ ਹੈ, ਪਸ਼ੂ ਮਾਰੇ ਗਏ ਹਨ ਅਤੇ ਲਗਭਗ 1,800 ਪਰਿਵਾਰ ਪ੍ਰਭਾਵਿਤ ਹੋਏ ਹਨ, ਜਿਸ ਨਾਲ ਪਹਿਲਾਂ ਹੀ ਕਮਜ਼ੋਰ ਸ਼ਹਿਰੀ ਅਤੇ ਪੇਂਡੂ ਭਾਈਚਾਰਿਆਂ ਵਿੱਚ ਸਥਿਤੀ ਹੋਰ ਵਿਗੜ ਗਈ ਹੈ।

## ਕੈਨੇਡਾ ਤੋਂ ਆਈ ਮਹਿਲਾ ਦਾ ਦਿਨ-ਦਿਹਾੜੇ ਗੋਲੀਆਂ ਮਾਰ ਕੇ ਕਤਲ

**ਕਪੂਰਥਲਾ, 2 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਕਪੂਰਥਲਾ ਵਿਖੇ ਵੱਡੀ ਵਾਰਦਾਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਇਥੋਂ ਦੇ ਸੀਨਪੁਰਾ ਮੁਹੱਲੇ ਦੋ ਬਾਈਕ ਸਵਾਰ ਬਦਮਾਸ਼ਾਂ ਨੇ ਇਕ 48 ਸਾਲਾ ਮਹਿਲਾ ਦਾ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ। ਮ੍ਰਿਤਕਾ ਦੀ ਪਛਾਣ ਹੇਮਪ੍ਰੀਤ ਕੌਰ ਵਜੋਂ ਹੋਈ ਹੈ, ਜੋਕਿ ਕਰੀਬ ਇਕ ਮਹੀਨਾ ਪਹਿਲਾਂ ਹੀ ਕੈਨੇਡਾ ਤੋਂ ਵਾਪਸ ਪਰਤੀ ਸੀ। ਉਸ ਨੇ ਇਕ ਦਿਨ ਪਹਿਲਾਂ ਹੀ ਆਪਣਾ ਸੈਲੂਨ ਸ਼ੁਰੂ ਕੀਤਾ ਸੀ। ਵਾਰਦਾਤ ਦਾ ਵੇਰਵਾ ਜਾਣਕਾਰੀ ਅਨੁਸਾਰ ਇਹ ਘਟਨਾ ਸ਼ਾਮ ਕਰੀਬ 4 ਵਜੇ



ਵਾਪਰੀ। ਦੋ ਹਮਲਾਵਰ ਮੋਟਰਸਾਈਕਲਾਂ 'ਤੇ ਆਏ ਸਨ। ਡੀ. ਐੱਸ. ਪੀ. ਸ਼ੀਤਲ ਸਿੰਘ ਨੇ ਦੱਸਿਆ ਕਿ ਜਦੋਂ ਹੇਮਪ੍ਰੀਤ ਕੌਰ ਘਰ ਵਿੱਚ ਇਕੱਲੀ ਸੀ ਤਾਂ ਇਕ ਹਮਲਾਵਰ ਘਰ ਦੇ ਅੰਦਰ ਦਾਖ਼ਲ ਹੋਇਆ ਅਤੇ ਉਸ 'ਤੇ ਕਰੀਬ 4 ਰਾਊਂਡ ਫਾਇਰਿੰਗ ਕੀਤੀ। ਮੁਹੱਲੇ ਦੇ ਇਕ ਵਿਅਕਤੀ ਨੇ ਹਮਲਾਵਰ ਨੂੰ ਰੋਕਣ ਲਈ ਘਰ ਦਾ ਗੇਟ ਬੰਦ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਮੁਲਜ਼ਮ ਹਵਾਈ ਫਾਇਰਿੰਗ ਕਰਦਾ ਹੋਇਆ ਆਪਣੇ ਸਾਥੀ ਨਾਲ ਫਰਾਰ ਹੋਣ ਵਿੱਚ ਕਾਮਯਾਬ ਹੋ ਗਿਆ। ਦੱਸਿਆ ਜਾ ਰਿਹਾ ਹੈ ਕਿ ਹੇਮਪ੍ਰੀਤ ਦਾ ਆਪਣੇ ਪਤੀ ਨਾਲ ਤਲਾਕ ਹੋ ਚੁੱਕਾ ਸੀ। ਉਸ ਦਾ ਪਤੀ ਅਤੇ ਪੁੱਤਰ ਇਸ ਸਮੇਂ ਵਿਦੇਸ਼ ਵਿੱਚ ਹੀ ਰਹਿ ਰਹੇ ਹਨ। ਵਾਰਦਾਤ ਤੋਂ ਬਾਅਦ ਇਲਾਕੇ 'ਚ ਸਹਿਮ ਦਾ ਮਾਹੌਲ ਹੈ ਅਤੇ ਪਰਿਵਾਰਕ ਮੈਂਬਰਾਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਪੂਰੇ ਇਲਾਕੇ ਨੂੰ ਘੇਰ ਲਿਆ ਹੈ। ਫੋਰੈਂਸਿਕ ਟੀਮ ਵੱਲੋਂ ਘਟਨਾ ਸਥਾਨ ਤੋਂ ਸਬੂਤ ਇਕੱਠੇ ਕੀਤੇ ਗਏ ਹਨ। ਡੀ. ਐੱਸ. ਪੀ. ਸ਼ੀਤਲ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਮੁਲਜ਼ਮਾਂ ਦੀ ਪਛਾਣ ਅਤੇ ਗ੍ਰਿਫ਼ਤਾਰੀ ਲਈ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ ਹੈ। ਪੁਲਸ ਇਸ ਗੱਲ ਦੀ ਵੀ ਜਾਂਚ ਕਰ ਰਹੀ ਹੈ ਕਿ ਫਾਇਰਿੰਗ ਦੇ ਅਸਲ ਕਾਰਨ ਕੀ ਸਨ।

# ਸਪੱਸ਼ਟੀਕਰਨ / CLARIFICATION




ਰੋਜ਼ਾਨਾ 'ਆਵਾਜ਼ਿ ਕੌਮ', ਜੋ ਕਿ ਯੂ.ਕੇ. (ਇੰਗਲੈਂਡ) ਤੋਂ ਆਨਲਾਈਨ ਪ੍ਰਕਾਸ਼ਤ ਕੀਤਾ ਜਾਂਦਾ ਹੈ, ਦੇ ਅਸਲ ਹੈਂਡਲਰ ਦੀ ਕਾਪੀ




'ਅਵਾਜ਼ੇ ਕੌਮ' ਦੇ ਨਾਂ ਹੇਠ ਕਿਸੇ ਹੋਰ ਹੈਂਡਲਰ ਦੀ ਕਾਪੀ, ਜੋ ਕਿ ਬਲਿਊ ਟਿਕ ਵੈਰੀਫਾਈਡ ਹੈ। ਇਸ ਨਾਲ 'ਆਵਾਜ਼ਿ ਕੌਮ' ਯੂ.ਕੇ. ਦਾ ਕੋਈ ਸਬੰਧ ਨਹੀਂ ਹੈ।

## ਪੰਜਾਬੀ (Punjabi)

ਇਸ ਰਾਹੀਂ ਜਨਤਕ ਤੌਰ 'ਤੇ ਸਪਸ਼ਟ ਕੀਤਾ ਜਾਂਦਾ ਹੈ ਕਿ
**Awaaz-E-Qaum** ਨਾਮ ਦਾ X (Twitter) ਅਕਾਊਂਟ
ਦਾ Awaze Qaum TV Punjab ਜਾਂ Awaze Qaum TV Limited ਨਾਲ
ਕੋਈ ਵੀ ਸਿੱਧਾ ਜਾਂ ਅਪਰੋਕਸ਼ ਸਬੰਧ ਨਹੀਂ ਹੈ।
ਉਕਤ X (Twitter) ਅਕਾਊਂਟ ਕਿਸ ਵਿਅਕਤੀ, ਗਰੁੱਪ ਜਾਂ ਸੰਸਥਾ ਵੱਲੋਂ ਚਲਾਇਆ ਜਾ ਰਿਹਾ ਹੈ—
ਇਸ ਬਾਰੇ ਸਾਨੂੰ ਕੋਈ ਜਾਣਕਾਰੀ ਨਹੀਂ ਹੈ।
ਇਸ ਦੇ ਨਾਲ ਹੀ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ
ਭਾਰਤ, ਖ਼ਾਸ ਕਰਕੇ ਪੰਜਾਬ ਵਿੱਚ Awaaz / Awaze Qaum ਨਾਮ ਹੇਠ ਚੱਲ ਰਹੀਆਂ
ਕਿਸੇ ਵੀ ਆਰਗਨਾਈਜੇਸ਼ਨਾਂ, ਗਰੁੱਪਾਂ ਜਾਂ ਸੰਸਥਾਵਾਂ ਨਾਲ ਵੀ
Awaze Qaum TV Limited ਦਾ ਕੋਈ ਸਬੰਧ ਨਹੀਂ ਹੈ।
ਮੈਂ, ਰਘਬੀਰ ਸਿੰਘ,
ਮੁੱਖ ਸੰਪਾਦਕ - Awaze Qaum TV Limited,
ਇਸ ਰਾਹੀਂ ਪੂਰੀ ਜ਼ਿੰਮੇਵਾਰੀ ਨਾਲ ਸਪਸ਼ਟ ਕਰਦਾ ਹਾਂ ਕਿ
ਉਪਰੋਕਤ ਕਿਸੇ ਵੀ X (Twitter) ਅਕਾਊਂਟ ਜਾਂ
Awaaz / Awaze Qaum ਨਾਮ ਨਾਲ ਚੱਲ ਰਹੀ ਕਿਸੇ ਵੀ
ਆਰਗਨਾਈਜੇਸ਼ਨ ਨਾਲ ਮੇਰਾ ਜਾਂ ਮੇਰੀ ਕੰਪਨੀ ਦਾ ਕਿਸੇ ਵੀ ਤਰ੍ਹਾਂ ਦਾ ਕੋਈ ਲੈਣਾ-ਦੇਣਾ (ਸਬੰਧ) ਨਹੀਂ ਹੈ।

## English

This is to publicly clarify that the X (Twitter) account
named TAwaaz-E-QaumU
has no direct or indirect association with
Awaze Qaum TV Punjab or Awaze Qaum TV Limited.
We have no information or knowledge regarding the individual, group,
or organization operating the said X (Twitter) account.
It is further clarified that any organization, group, or entity operating in India,
especially in Punjab, under the name TAwaazU or TAwaze QaumU
has no connection or affiliation whatsoever with Awaze Qaum TV Limited.
I, Raghbir Singh,
Chief Editor – Awaze Qaum TV Limited,
hereby clearly and responsibly state that
neither I nor my company has any association, involvement, or relationship
with the above-mentioned X (Twitter) account or with
any organization operating under the name TAwaaz / Awaze Qaum.
Name: Raghbir Singh
Designation: Manager
Organization: Awaze Qaum TV Limited

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਨਾਮ ਜਪੋ Naam Japo
ਕਿਰਤ ਕਰੋ Kirat Karo
ਵੰਡ ਛਕੋ Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for **AWAZE QAUM** Channel
https://youtu.be/LQwolgxDu7l
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


# ਸੰਤ ਗਿਆਨੀ ਗੁਰਬਚਨ ਸਿੰਘ ਜੀ

# ਖਾਲ਼ਸਾ ਮੈਮੋਰੀਅਲ ਹਸਪਤਾਲ

## ਇੱਥੇ ਹਰ ਸ਼ਨੀਵਾਰ ਅੱਖਾਂ ਦੇ ਫ੍ਰੀ ਆਪ੍ਰੇਸ਼ਨ ਕੀਤੇ ਜਾਂਦੇ ਹਨ।



+91 98767-50784 +91 98767-50784

ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ


## ਮਹਿਤਾ ਚੌਂਕ, ਅੰਮ੍ਰਿਤਸਰ

# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★






SANJHA PUNJAB
VEG & NON-VEG INDIAN
TAKE AWAY MENU

0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com

SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com

ALLERGY ADVICE !!
Please ask a member of staff if you have any food intolerance or allergies.

ਆਵਾਜ਼ ਕੌਮ
AWAZE QAUM
International Newspaper & WEB TV




# SAROA DENTAL CLINIC & IMPLANT CENTRE

**A Multispeciality Dental Clinic...**

- DENTAL CHECKUP
- CLEANING
- ROOT CANALS
- PREVENTIVE CARE

**LATEST FACILITIES AVAILABLE :**

Dental Implants
Dental Laset
Tooth Coloured Braces
Digital IOPA x-ray
Digital OPG x-ray

**DR. KAMALJIT SAROA**
B.D.S., Dental Surgeon
Moti Nagar, Near Railway Crossing, Maqsudan
Jalandhar-144 008

**Contact :**
**98150-83338**
**70879-59639**



ਮੈਂ ਖ਼ੁਦ ਆਪਣਾ ਇਲਾਜ ਆਪਣੀ ਇੰਡੀਆ ਵਿਜਿਟ ਦੌਰਾਨ ਇੱਥੋਂ ਕਰਵਾਇਆ ਹੈ ਅਤੇ ਮੈਂ ਸਮੂਹ ਐਨ. ਆਰ. ਆਈਜ਼ ਅਤੇ ਲੋਕਲ ਵਸਨੀਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰੋਆ ਡੈਂਟਲ ਕਲੀਨਿਕ ਅਤੇ ਇੰਪਲਾਂਟ ਸੈਂਟਰ ਵੱਲੋਂ ਬਹੁਤ ਹੀ ਵਧੀਆ ਅਤੇ ਵਾਜਬ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਇਸੇ ਕਾਰਨ ਮੈਂ ਅਪੀਲ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਵੀ, ਕਿਸੇ ਵੀ ਤਰ੍ਹਾਂ ਦੀ ਦੰਦਾਂ ਨਾਲ ਸੰਬੰਧਤ ਕੋਈ ਤਕਲੀਫ਼ ਹੈ ਤਾਂ ਇੱਕ ਵਾਰ ਇੱਥੇ ਜ਼ਰੂਰ ਵਿਜ਼ਿਟ ਕਰੋ।

-ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ 'ਆਵਾਜ਼ਿ ਕੌਮ, ਯੂ. ਕੇ.'

ਕੇਂਦਰੀ ਵਿਭਾਗਾਂ ਦੀ ਭਾਸ਼ਾ ਵਿਰੋਧੀ ਨੀਤੀ ਖ਼ਿਲਾਫ਼ ਅਕਾਲੀ ਦਲ ਵਾਰਿਸ ਪੰਜਾਬ ਦੇ ਦਾ ਕਦਮ

# ਡੀਸੀ ਅੰਮ੍ਰਿਤਸਰ ਨੂੰ ਸੌਂਪਿਆ ਮੈਮੋਰੰਡਮ



**ਅੰਮ੍ਰਿਤਸਰ, 2 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਅੱਜ ਪੰਜਾਬ ਵਿੱਚ ਸਥਿਤ ਕੇਂਦਰ ਸਰਕਾਰ ਦੇ ਅਧੀਨ ਚੱਲ ਰਹੇ ਵਿਭਾਗਾਂ ਦੁਆਰਾ ਪੰਜਾਬੀ ਭਾਸ਼ਾ ਨਾਲ ਕੀਤੀ ਜਾ ਰਹੀ ਅਣਗਹਿਲੀ ਅਤੇ ਸੰਵਿਧਾਨਕ ਉਲੰਘਣਾ ਦੇ ਖ਼ਿਲਾਫ਼ ਜ਼ਿਲ੍ਹਾ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸਾਹਿਬ ਨੂੰ ਪਾਰਟੀ ਦੇ ਸੀਨੀਅਰ ਆਗੂਆਂ ਅਤੇ ਵਰਕਰਾਂ ਵੱਲੋਂ ਇੱਕ ਮੈਮੋਰੰਡਮ ਸੌਂਪਿਆ ਗਿਆ। ਇਸ ਮੌਕੇ ਮੁੱਖ ਤੌਰ ਤੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਦੇ ਚਾਚਾ ਸੁਖਚੈਨ ਸਿੰਘ ਜੀ ਤੋਂ ਇਲਾਵਾ ਚਾਚਾ ਕੁਲਵੰਤ ਸਿੰਘ ਜੀ, ਸ੍ਰ ਮੇਜਰ ਸਿੰਘ ਜੀ, ਭਾਈ ਭੁਪਿੰਦਰ ਸਿੰਘ ਗੱਦਲੀ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਸੁਖਬੀਰ ਸਿੰਘ ਚੀਮਾਂ, ਭਾਈ ਸਵਿੰਦਰ ਸਿੰਘ ਸਾਘਣਾਂ, ਭਾਈ ਮਨਜੀਤ ਸਿੰਘ, ਭਾਈ ਪ੍ਰਗਟ ਸਿੰਘ, ਭਾਈ ਪਰਮਜੀਤ ਸਿੰਘ, ਭਾਈ ਕੁਲਵਿੰਦਰ ਸਿੰਘ ਵਡਾਲੀ, ਭਾਈ ਹਰਪ੍ਰੀਤ ਸਿੰਘ ਅਤੇ ਹੋਰ ਆਗੂ ਮੌਜੂਦ ਸਨ। ਪਾਰਟੀ ਆਗੂਆਂ ਨੇ ਕਿਹਾ ਕਿ ਪੰਜਾਬ ਇੱਕ ਪੰਜਾਬੀ ਭਾਸ਼ਾ ਵਾਲਾ ਸੂਬਾ ਹੈ ਅਤੇ ਪੰਜਾਬੀ ਭਾਸ਼ਾ ਐਕਟ 2008 ਅਨੁਸਾਰ ਪੰਜਾਬ ਵਿੱਚ ਸਥਿਤ ਹਰ ਸਰਕਾਰੀ ਦਫ਼ਤਰ ਚਾਹੇ ਉਹ ਕੇਂਦਰ ਸਰਕਾਰ ਦੇ ਅਧੀਨ ਹੀ ਕਿਉਂ ਨਾਂ ਹੋਵੇ ਵਿੱਚ ਪੰਜਾਬੀ ਭਾਸ਼ਾ ਦੀ ਵਰਤੋਂ ਲਾਜ਼ਮੀ ਹੈ। ਇਸਦੇ ਬਾਵਜੂਦ ਅੰਮ੍ਰਿਤਸਰ ਦੇ ਵੱਡੇ ਡਾਕਖਾਨੇ ( ਜੀ ਪੀ ਓ ) ਸਮੇਤ ਕਈ ਕੇਂਦਰੀ ਵਿਭਾਗਾਂ ਵਿੱਚ ਪਬਲਿਕ ਡੀਲਿੰਗ ਕਰਨ ਵਾਲੇ ਅਧਿਕਾਰੀ ਆਮ ਲੋਕਾਂ ਨਾਲ ਪੰਜਾਬੀ ਵਿੱਚ ਗੱਲ ਕਰਨ ਤੋਂ ਇਨਕਾਰ ਕਰਦੇ ਹਨ ਅਤੇ ਹਿੰਦੀ ਵਿੱਚ ਗੱਲ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਪਾਰਟੀ ਆਗੂਆਂ ਨੇ ਦੱਸਿਆ ਕਿ ਕਈ ਕੇਂਦਰੀ ਦਫ਼ਤਰਾਂ ਵਿੱਚ ਸਾਈਨ ਬੋਰਡ, ਦਿਸ਼ਾ-ਨਿਰਦੇਸ਼ ਅਤੇ ਜਨਤਕ ਜਾਣਕਾਰੀ ਸਿਰਫ਼ ਹਿੰਦੀ ਜਾਂ ਅੰਗਰੇਜ਼ੀ ਵਿੱਚ ਹੈ, ਜੋ ਕਿ ਪੰਜਾਬੀ ਭਾਸ਼ਾ ਐਕਟ 2008 ਦੀ ਸਿੱਧੀ ਉਲੰਘਣਾ ਹੈ ਅਤੇ ਇਹ ਪੰਜਾਬੀਆਂ ਨਾਲ ਹੋ ਰਹੇ ਭਾਸ਼ਾਈ ਤ੍ਰਿਸਕਾਰ ਨੂੰ ਦਰਸਾਉਂਦਾ ਹੈ। ਅਕਾਲੀ ਦਲ ਵਾਰਿਸ ਪੰਜਾਬ ਦੇ ਨੇ ਇਸ ਮਾਮਲੇ 'ਚ ਪੰਜਾਬ ਸਰਕਾਰ ਦੀ ਖਾਮੋਸ਼ੀ ਅਤੇ ਪੰਜਾਬ ਦੇ ਬੀਜੇਪੀ ਆਗੂਆਂ ਦੀ ਦੋਹਰੀ ਨੀਤੀ 'ਤੇ ਵੀ ਸਖ਼ਤ ਐਤਰਾਜ਼ ਜਤਾਇਆ। ਪਾਰਟੀ ਨੇ ਕਿਹਾ ਕਿ ਜੇ ਪੰਜਾਬ ਸਰਕਾਰ ਸੱਚਮੁੱਚ ਪੰਜਾਬੀ ਭਾਸ਼ਾ ਦੀ ਰਖਿਆ ਲਈ ਵਚਨਬੱਧ ਹੈ ਤਾਂ ਹੁਣ ਤੱਕ ਕੇਂਦਰੀ ਵਿਭਾਗਾਂ ਖ਼ਿਲਾਫ਼ ਠੋਸ ਕਾਰਵਾਈ ਕਿਉਂ ਨਹੀਂ ਕੀਤੀ ਗਈ। ਇਸੇ ਤਰ੍ਹਾਂ ਪੰਜਾਬ ਦੇ ਬੀਜੇਪੀ ਆਗੂ ਕੇਂਦਰ ਵਿੱਚ ਆਪਣੀ ਸਰਕਾਰ ਹੋਣ ਦੇ ਬਾਵਜੂਦ ਪੰਜਾਬੀਆਂ ਦੇ ਭਾਸ਼ਾਈ ਹੱਕਾਂ 'ਤੇ ਚੁੱਪ ਕਿਉਂ ਹਨ ? ਪਾਰਟੀ ਆਗੂਆਂ ਨੇ ਯਾਦ ਦਿਵਾਇਆ ਕਿ ਭਾਰਤੀ ਸੰਵਿਧਾਨ ਦੇ ਆਰਟਿਕਲ 29 ਅਤੇ 3501 ਹਰ ਨਾਗਰਿਕ ਨੂੰ ਆਪਣੀ ਮਾਂ-ਭਾਸ਼ਾ ਦੀ ਸੁਰੱਖਿਆ ਅਤੇ ਵਰਤੋਂ ਦਾ ਅਧਿਕਾਰ ਦਿੰਦੇ ਹਨ। ਇਨ੍ਹਾਂ ਸੰਵਿਧਾਨਕ ਪ੍ਰਾਵਧਾਨਾਂ ਨੂੰ ਨਜ਼ਰਅੰਦਾਜ਼ ਕਰਨਾ ਨਾਂ ਸਿਰਫ਼ ਗੈਰ-ਕਾਨੂੰਨੀ ਹੈ, ਸਗੋਂ ਸੰਵਿਧਾਨ ਨਾਲ ਵੀ ਧੋਖਾ ਹੈ। ਅੰਤ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਨੇ ਸਪੱਸ਼ਟ ਕੀਤਾ ਕਿ ਪੰਜਾਬੀ ਭਾਸ਼ਾ ਕੋਈ ਵਿਕਲਪ ਨਹੀਂ, ਸਗੋਂ ਪੰਜਾਬ ਦੀ ਪਛਾਣ, ਇਤਿਹਾਸ ਅਤੇ ਸੰਵਿਧਾਨਕ ਹੱਕ ਹੈ। ਜੇ ਪੰਜਾਬੀ ਭਾਸ਼ਾ ਨਾਲ ਹੋ ਰਹੀ ਇਸ ਬੇਇਨਸਾਫ਼ੀ ਨੂੰ ਤੁਰੰਤ ਨਹੀਂ ਰੋਕਿਆ ਗਿਆ ਤਾਂ ਪਾਰਟੀ ਲੋਕਾਂ ਨੂੰ ਨਾਲ ਲੈ ਕੇ ਸੜਕ ਤੋਂ ਸੰਸਥਾਵਾਂ ਤੱਕ ਸੰਘਰਸ਼ ਨੂੰ ਹੋਰ ਤੇਜ਼ ਕਰੇਗੀ।

**ਅੰਮ੍ਰਿਤਸਰ ਸਥਿੱਤ ਵੱਡੇ ਡਾਕਖਾਨੇ ਵਿੱਚ ਤਾਇਨਾਤ ਕਰਮਚਾਰੀ ਨਹੀਂ ਜਾਣਦੇ ਪੰਜਾਬੀ**

ਆਵਾਜ਼ਿ ਕੌਮ AWAZE QAUM International Newspaper & WEB TV

ਬੀਜੇਪੀ-ਆਰ.ਐਸ.ਐਸ ਦੇ ਜ਼ਬਰ-ਜੁਲਮ ਮੁਗਲਾਂ ਤੋਂ ਘੱਟ ਨਹੀਂ

# ਇਸ ਲਈ ਇਸ ਜਮਾਤ ਨੂੰ ਮੁਕਤਸਰ ਵਿਖੇ ਕਾਨਫਰੰਸ ਨਹੀਂ ਕਰਨ ਦੇਣੀ ਚਾਹੀਦੀ : ਮਾਨ



**ਫ਼ਤਹਿਗੜ੍ਹ ਸਾਹਿਬ ( ਰਣਜੀਤ ਸਿੰਘ ਪੇਧਨੀ)**-"ਸਾਨੂੰ ਜਾਣਕਾਰੀ ਮਿਲੀ ਹੈ ਕਿ ਸੈਂਟਰ ਦੀ ਮੁਤੱਸਵੀ ਬੀਜੇਪੀ-ਆਰ.ਐਸ.ਐਸ. ਜਮਾਤਾਂ ਜਿਨ੍ਹਾਂ ਨੇ ਸਿੱਖ ਕੌਮ ਤੇ ਪੰਜਾਬ ਸੂਬੇ ਨਾਲ ਵੱਡੇ ਜ਼ਬਰ ਤੇ ਬੇਇਨਸਾਫ਼ੀਆਂ ਕੀਤੀਆ ਹਨ । ਜਿਸਨੇ ਸ੍ਰੀ ਮੋਦੀ ਦੀ ਜਾਬਰ ਚੰਡਾਲ ਚੌਕੜੀ ਗ੍ਰਹਿ ਵਜੀਰ ਅਮਿਤ ਸ਼ਾਹ, ਵਿਦੇਸ ਵਜੀਰ ਜੈਸੰਕਰ, ਰੱਖਿਆ ਵਜੀਰ ਰਾਜਨਾਥ ਸਿੰਘ, ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਰਾਅ ਮੁੱਖੀ ਰਵੀ ਸਿਨ੍ਹਾਂ ਅਤੇ ਸਾਬਕਾ ਰਾਅ ਮੁੱਖੀ ਸੰਮਤ ਗੋਇਲ ਨੇ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ ਅਤੇ ਸੁਖਦੂਲ ਸਿੰਘ ਕੈਨੇਡਾ, ਅਵਤਾਰ ਸਿੰਘ ਖੰਡਾ ਬਰਤਾਨੀਆ, ਪਰਮਜੀਤ ਸਿੰਘ ਪੰਜਵੜ ਤੇ ਲਖਬੀਰ ਸਿੰਘ ਰੋਡੇ ਪਾਕਿਸਤਾਨ, ਦੀਪ ਸਿੰਘ ਸਿੱਧੂ ਹਰਿਆਣਾ, ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਅਤੇ ਗੁਰਪ੍ਰੀਤ ਸਿੰਘ ਹਰੀਨੌ ਦੇ ਕਤਲ ਕਰਵਾਏ ਅਤੇ ਅਮਰੀਕਨ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਕੋਸਿਸ ਕੀਤੀ, ਨੇ ਬਾਹਰਲੇ ਮੁਲਕਾਂ ਵਿਚ ਸਿੱਖਾਂ ਦੇ ਕਤਲ ਕਰਵਾਏ ਹਨ । ਇਸ ਪੰਜਾਬ ਤੇ ਸਿੱਖ ਕੌਮ ਵਿਰੋਧੀ ਜਾਲਮ ਪਾਰਟੀ ਜੋ ਗੁਰੂਆਂ ਦੀ ਪਵਿੱਤਰ ਮੁਕਤਸਰ ਦੀ ਧਰਤੀ ਉਤੇ ਕਾਨਫਰੰਸ ਕਰਨੀ ਚਾਹੁੰਦੇ ਹਨ, ਪੰਜਾਬੀਆਂ ਅਤੇ ਸਿੱਖਾਂ ਨੂੰ ਇਹ ਕਾਨਫਰੰਸ ਬਿਲਕੁਲ ਨਹੀ ਹੋਣ ਦੇਣੀ ਚਾਹੀਦੀ । ਕਿਉਂਕਿ ਪੰਜਾਬ ਦੀ ਇਸ ਪਵਿੱਤਰ ਧਰਤੀ ਉਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਸਮੇ ਦੇ ਮੁਗਲ ਜਾਬਰਾਂ ਵਿਰੁੱਧ ਲੜਾਈ ਲੜਕੇ ਬੁਰਾਈ ਦਾ ਨਾਸ ਕੀਤਾ ਸੀ ਅਤੇ ਸੱਚ-ਹੱਕ ਦੀ ਆਵਾਜ ਬੁਲੰਦ ਕੀਤੀ ਸੀ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬੀਜੇਪੀ-ਆਰ.ਐਸ.ਐਸ ਦੀ ਪੰਜਾਬ ਤੇ ਸਿੱਖ ਵਿਰੋਧੀ ਪਾਰਟੀ ਦੀਆਂ ਜਾਲਮਨਾਂ ਨੀਤੀਆਂ ਤੇ ਅਮਲਾਂ ਨੂੰ ਮੁੱਖ ਰੱਖਦੇ ਹੋਏ ਸਮੁੱਚੇ ਪੰਜਾਬੀਆਂ ਤੇ ਸਿੱਖਾਂ ਨੂੰ ਮੁਕਤਸਰ ਦੀ ਪਵਿੱਤਰ ਧਰਤੀ ਉਤੇ ਇਨ੍ਹਾਂ ਦੀ ਕਾਨਫਰੰਸ ਕਰਨ ਦੀ ਇਜਾਜਤ ਕਤਈ ਨਹੀ ਦੇਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਪੰਜਾਬ ਦੇ ਡੈਮਾਂ ਦੇ ਕੀਮਤੀ ਪਾਣੀਆਂ ਨੂੰ ਨਿਰੰਤਰ ਲੰਮੇ ਸਮੇ ਤੋ ਖੋਹਦੀ ਆ ਰਹੀ ਹੈ ਅਤੇ ਸਮੁੱਚੇ ਡੈਮਾਂ ਅਤੇ ਬੀ.ਬੀ.ਐਮ.ਬੀ ਉਤੇ ਸਾਜਸੀ ਢੰਗ ਨਾਲ ਆਪਣੀ ਅਜਾਰੇਦਾਰੀ ਗੈਰ ਕਾਨੂੰਨੀ ਢੰਗ ਨਾਲ ਕਾਇਮ ਕਰ ਲਈ ਗਈ ਹੈ । ਜੋ ਚੰਡੀਗੜ੍ਹ ਪੰਜਾਬ ਦੇ 28 ਪਿੰਡਾਂ ਨੂੰ ਉਜਾੜਕੇ ਰਾਜਧਾਨੀ ਬਣਾਈ ਗਈ ਸੀ, ਉਸਨੂੰ ਅਤੇ ਪੰਜਾਬ ਦੇ ਵੱਡੇ ਕੌਮਾਂਤਰੀ ਪੱਧਰ ਤੇ ਵਿਦਿਅਕ ਅਦਾਰੇ ਪੰਜਾਬ ਯੂਨੀਵਰਸਿਟੀ ਨੂੰ ਸਾਜਿਸਾਂ ਰਾਹੀ ਆਪਣੇ ਅਧੀਨ ਕਰਨ ਉਤੇ ਵਿਊਤਾ ਬਣਾ ਰਹੇ ਹਨ । ਜਿਨ੍ਹਾਂ ਨੇ ਅਜੇ ਤੱਕ ਸਜ਼ਾਵਾਂ ਪੂਰੀਆ ਕਰ ਚੁੱਕੇ ਸਿੱਖ ਨੌਜਵਾਨਾਂ ਨੂੰ ਰਿਹਾਅ ਨਹੀ ਕੀਤਾ ਜਾ ਰਿਹਾ ਅਤੇ ਪੰਜਾਬ ਵਿਚ ਕੋਈ ਵੀ ਵੱਡੀ ਇੰਡਸਟਰੀ ਨਾ ਦੇ ਕੇ ਅਤੇ ਪੰਜਾਬ ਦੀਆਂ ਸਰਹੱਦਾਂ ਨਾ ਖੋਲ੍ਹਕੇ ਸਾਨੂੰ ਮਾਲੀ ਤੌਰ ਤੇ ਕੰਮਜੋਰ ਕਰਨ ਦੇ ਅਮਲ ਕਰਦੇ ਆ ਰਹੇ ਹਨ। ਜੋ ਪੰਜਾਬ ਵਿਚ ਜਾਤਾਂ-ਪਾਤਾਂ, ਧਰਮਾਂ ਦੀ ਸੌੜੀ ਸੋਚ ਨੂੰ ਉਭਾਰਕੇ ਨਫਰਤ ਪੈਦਾ ਕਰਕੇ ਆਪਣੇ ਸਿਆਸੀ ਸਵਾਰਥਾਂ ਦੀ ਪੂਰਤੀ ਕਰਨ ਦੀ ਤਾਕ ਵਿਚ ਹਨ । ਪੰਜਾਬ ਦੇ ਰਾਜਸੀ ਆਗੂਆਂ ਨੂੰ ਆਪਣੀ ਸਰਪ੍ਰਸਤੀ ਹੇਠ ਚੱਲਣ ਵਾਲੇ ਗੈਗਸਟਰਾਂ ਰਾਹੀ ਨਿਸ਼ਾਨਾਂ ਬਣਾਉਣ ਦੇ ਮਨੁੱਖਤਾ ਵਿਰੋਧੀ ਅਮਲ ਕਰ ਰਹੇ ਹਨ । ਅਜਿਹੀ ਪੰਜਾਬ ਅਤੇ ਸਿੱਖ ਕੌਮ ਵਿਰੋਧੀ ਜਮਾਤ ਨੂੰ ਮੁਕਤਸਰ ਦੀ ਪਵਿੱਤਰ ਧਰਤੀ ਉਤੇ ਪੰਜਾਬੀਆਂ ਤੇ ਸਿੱਖਾਂ ਨੂੰ ਇਨ੍ਹਾਂ ਵੱਲੋ ਕਾਨਫਰੰਸ ਕਰਨ ਦੀ ਕਤਈ ਵੀ ਇਜਾਜਤ ਨਹੀ ਦੇਣੀ ਚਾਹੀਦੀ । ਤਾਂ ਕਿ ਇਹ ਪੰਜਾਬ ਦੇ ਮਾਹੌਲ ਨੂੰ ਹੋਰ ਗੰਧਲਾ ਕਰਕੇ ਆਪਣੇ ਸਵਾਰਥੀ ਹਿੱਤਾ ਦੀ ਪੂਰਤੀ ਨਾ ਕਰ ਸਕਣ ਅਤੇ ਪੰਜਾਬ ਨੂੰ ਬਲਦੀ ਦੇ ਬੂਥੇ ਵਿਚ ਨਾ ਝੋਕ ਸਕਣ । ਉਨ੍ਹਾਂ ਕਿਹਾ ਕਿ ਪੰਜਾਬੀਆਂ ਤੇ ਸਿੱਖਾਂ ਨੂੰ ਚਾਹੀਦਾ ਹੈ ਕਿ ਜਿਥੇ ਇਹ ਉਪਰੋਕਤ ਪੰਜਾਬ ਤੇ ਸਿੱਖ ਕੌਮ ਪੱਖੀ ਫਰਜ ਦੀ ਪੂਰਤੀ ਕਰਨ, ਉਥੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋ ਮੁਕਤਸਰ ਦੀ ਪਵਿੱਤਰ ਧਰਤੀ ਉਤੇ 14 ਜਨਵਰੀ ਨੂੰ ਹੋਣ ਜਾ ਰਹੀ ਸ਼ਹੀਦੀ ਮੀਰੀ-ਪੀਰੀ ਕਾਨਫਰੰਸ ਵਿਚ ਵੀ ਆਪੋ ਆਪਣੇ ਸਾਧਨਾਂ ਰਾਹੀ ਸੰਗਤਾਂ ਨੂੰ ਲੈਕੇ ਪਹੁੰਚਣ ਅਤੇ ਇਨ੍ਹਾਂ ਫਿਰਕੂਆਂ ਨੂੰ ਪੰਜਾਬ ਵਿਰੋਧੀ ਸੋਚ ਦੀ ਬਦੌਲਤ ਦ੍ਰਿੜਤਾ ਨਾਲ ਚੁਣੋਤੀ ਦੇਣ ਦੇ ਫਰਜ ਵੀ ਅਦਾ ਕਰਨ । ਸ. ਮਾਨ ਨੇ ਉਮੀਦ ਪ੍ਰਗਟ ਕੀਤੀ ਕਿ ਸਮੁੱਚੇ ਪੰਜਾਬੀ ਤੇ ਸਿੱਖ ਕੌਮ ਆਪਣੇ ਦੋਵੇ ਸੂਬੇ ਪ੍ਰਤੀ ਅਤੇ ਕੌਮ ਪ੍ਰਤੀ ਫਰਜਾਂ ਦੀ ਪੂਰਤੀ ਕਰਕੇ ਪੰਜਾਬ ਵਿਰੋਧੀ ਤਾਕਤਾਂ ਦੇ ਮਨਸੂਬਿਆਂ ਨੂੰ ਅਸਫਲ ਕਰਨ ਵਿਚ ਆਪਣਾ ਯੋਗਦਾਨ ਪਾਉਣਗੇ ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# 18 ਨੂੰ ਮਜੀਠਾ 'ਚ ਹੋਣ ਵਾਲੀ ਰੈਲੀ ਇਤਿਹਾਸਕ ਹੋਵੇਗੀ : ਬਾਠ ਮੱਤੇਵਾਲ



**ਚੌਕ ਮਹਿਤਾ, 2 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਅਗਵਾਈ ਹੇਠ 18 ਜਨਵਰੀ ਨੂੰ ਹੋ ਰਹੀ ਰੈਲੀ ਇਤਿਹਾਸਕ ਹੋਵੇਗੀ ਜਿਸ ਸਬੰਧੀ ਹਲਕਾ ਮਜੀਠਾ ਦੇ ਲੋਕਾਂ ਵਿੱਚ ਭਾਰੀ ਉਤਸ਼ਾਹ ਹੈ। ਇਹ ਪ੍ਰਗਟਾਵਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬੀਬੀ ਬਲਜੀਤ ਕੌਰ ਅਤੇ ਉਨ੍ਹਾਂ ਦੇ ਪਤੀ ਪਰਮਜੀਤ ਸਿੰਘ ਬਾਠ ਮੱਤੇਵਾਲ ਨੇ ਇਲਾਕੇ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਆਗੂਆਂ ਨੇ ਕਿਹਾ ਕਿ ਮਜੀਠਾ ਹਲਕੇ 'ਚ ਹੋ ਰਹੀ ਇਸ ਰੈਲੀ ਵਿੱਚ ਠਾਠਾਂ ਮਾਰਦਾ ਇਕੱਠ ਇਹ ਦੱਸ ਦੇਵੇਗਾ ਕਿ ਲੋਕ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਟਾਨ ਵਾਂਗ ਖੜੇ ਹਨ ਅਤੇ ਇਸ ਰੈਲੀ ਨੂੰ ਸਫਲ ਬਣਾਉਣ ਲਈ ਤਲਬੀਰ ਸਿੰਘ ਗਿੱਲ ਵਲੋਂ ਹਲਕੇ ਨੂੰ ਜ਼ੋਨਾਂ 'ਚ ਵੰਡ ਕੇ ਪਿੰਡ ਪੱਧਰ 'ਤੇ ਆਪ ਦੇ ਆਗੂਆਂ ਤੇ ਵਰਕਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਉਕਤ ਆਗੂਆਂ ਨੇ ਕਿਹਾ ਕਿ ਇਹ ਰੈਲੀ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਵਿਚ ਆਪ ਉਮੀਦਵਾਰਾਂ ਦੀ ਵੱਡੀ ਜਿੱਤ ਦਾ ਧੰਨਵਾਦ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਪਾਰਟੀ ਦੇ ਹੋਰ ਸੀਨੀਅਰ ਆਗੂ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਹਰਪਾਲ ਸਿੰਘ ਮੱਤੇਵਾਲ, ਡਾਕਟਰ ਬਲਵਿੰਦਰ ਸਿੰਘ, ਸੁਲੱਖਣ ਸਿੰਘ ਮੱਤੇਵਾਲ, ਤਰਸੇਮ ਸਿੰਘ ਗਾਰਡ, ਗੁਰਸੇਵਕ ਸਿੰਘ, ਬਲਦੇਵ ਸਿੰਘ, ਜਸਪਾਲ ਸਿੰਘ, ਹਰਦੇਵ ਸਿੰਘ, ਫੁੰਮਣ ਸਿੰਘ ਸਾਰੇ ਹੀ ਮੈਂਬਰ ਪੰਚਾਇਤ ਮੱਤੇਵਾਲ, ਰਾਣਾ ਜਿਊਲਰਜ਼, ਦਵਿੰਦਰ ਸਿੰਘ ਟੇਲਰ ਮੱਤੇਵਾਲ, ਸਰਪੰਚ ਸਰਬਜੀਤ ਸਿੰਘ ਸਾਧਪੁਰ, ਸਰਪੰਚ ਪ੍ਰੇਮ ਸਿੰਘ ਤਰਫਾਨ, ਬਲਕਾਰ ਸਿੰਘ, ਸਤਨਾਮ ਸਿੰਘ ਮੱਤੇਵਾਲ ਅਤੇ ਹੋਰ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ।

# ਪਿੰਡ ਜੱਖਲਾਂ 'ਚ 2.5 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਕੰਮ ਜੰਗੀ ਪੱਧਰ 'ਤੇ ਜਾਰੀ

## 2.13 ਕਰੋੜ ਰੁਪਏ ਨਾਲ ਪਿੰਡ ਜੱਖਲਾਂ ਨੂੰ ਜਾਂਦੀ ਸੜਕ ਹੋ ਰਹੀ ਹੈ 18 ਫੁੱਟੀ

ਧੂਰੀ/ਸੰਗਰੂਰ ( ਰਣਜੀਤ ਸਿੰਘ ਪੇਧਨੀ )ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਪਿੰਡਾਂ ਦੇ ਸਰਬਪੱਖੀ ਵਿਕਾਸ ਦੇ ਲਈ ਤਹੱਈਏ ਤਹਿਤ ਧੂਰੀ ਹਲਕੇ ਦੇ ਪਿੰਡਾਂ ਵਿੱਚ ਵਿਕਾਸ ਕਾਰਜ ਤੇਜ਼ੀ ਨਾਲ ਜਾਰੀ ਹਨ। ਇਸੇ ਲੜੀ ਤਹਿਤ ਧੂਰੀ ਤੋਂ ਛੀਟਾਂਵਾਲਾ ਨੂੰ ਜਾਣ ਵਾਲੀ ਮੁੱਖ ਸੜਕ ਉੱਤੇ ਸਥਿਤ ਪਿੰਡ ਜੱਖਲਾਂ ਵਿੱਚ ਕਰੀਬ 2.5 ਕਰੋੜ ਰੁਪਏ ਨਾਲ ਕਈ ਮਹੱਤਵਪੂਰਨ ਵਿਕਾਸ ਪ੍ਰੋਜੈਕਟ ਇੱਕੋ ਸਮੇਂ ਜੰਗੀ ਪੱਧਰ 'ਤੇ ਚੱਲ ਰਹੇ ਹਨ। ਪਿੰਡ ਜੱਖਲਾਂ ਦੇ ਸਰਪੰਚ ਬਿੰਦਰ ਕੌਰ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਧੂਰੀ-ਛੀਟਾਂਵਾਲਾ ਮੁੱਖ ਸੜਕ ਤੋਂ ਪਿੰਡ ਜੱਖਲਾਂ ਤੱਕ ਜਾਣ ਵਾਲੀ ਕਰੀਬ 3.80 ਕਿਲੋਮੀਟਰ ਦੀ 10 ਫੁੱਟ ਚੌੜੀ ਸੜਕ ਨੂੰ ਵਧਾ ਕੇ 18 ਫੁੱਟ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਪਿੰਡ ਦੀਆਂ ਦੋਵੇਂ ਫਿਰਨੀਆਂ (ਅੰਦਰੂਨੀ ਰਿੰਗ ਸੜਕਾਂ) ਨੂੰ ਵੀ 10 ਫੁੱਟ ਤੋਂ 18 ਫੁੱਟ ਤੱਕ ਚੌੜਾ ਕੀਤਾ ਜਾ ਰਿਹਾ ਹੈ, ਤਾਂ ਜੋ ਆਵਾਜਾਈ ਸੁਚਾਰੂ ਬਣ ਸਕੇ ਅਤੇ ਲੋਕਾਂ ਨੂੰ ਵਧੇਰੇ ਸਹੂਲਤ ਪ੍ਰਾਪਤ ਹੋਵੇ। ਇਹ ਕਾਰਜ ਮੰਡੀ ਬੋਰਡ ਵੱਲੋਂ 2.13 ਕਰੋੜ ਰੁਪਏ ਦੀ ਲਾਗਤ ਨਾਲ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਚੌੜੀਆਂ ਕੀਤੀਆਂ ਜਾ ਰਹੀਆਂ ਇਹ ਸੜਕਾਂ ਪਿੰਡ ਮੀਮਸਾ ਤੋਂ ਪਿੰਡ ਭਲਵਾਨ ਤੱਕ ਆਪਸੀ ਸੰਪਰਕ ਨੂੰ ਮਜ਼ਬੂਤ ਕਰਨਗੀਆਂ, ਜਿਸ ਨਾਲ ਇਲਾਕੇ ਦੇ ਵਸਨੀਕਾਂ ਨੂੰ ਆਵਾਜਾਈ, ਵਪਾਰਕ ਗਤੀਵਿਧੀਆਂ ਅਤੇ ਰੋਜ਼ਾਨਾ ਜੀਵਨ ਵਿੱਚ ਮਹੱਤਵਪੂਰਨ ਲਾਭ ਮਿਲੇਗਾ। ਸਰਪੰਚ ਬਿੰਦਰ ਕੌਰ ਨੇ ਅੱਗੇ ਦੱਸਿਆ ਕਿ ਸੜਕਾਂ ਤੋਂ ਇਲਾਵਾ ਪਿੰਡ ਜੱਖਲਾਂ ਵਿੱਚ ਛੱਪੜ ਦੀ ਸਫ਼ਾਈ, ਪਿੰਡ ਦੇ ਪਾਰਕ ਦਾ ਵਿਕਾਸ, ਆਂਗਣਵਾੜੀ ਸੈਂਟਰ ਵਿੱਚ ਨਵੇਂ ਕਮਰਾ ਅਤੇ ਸ਼ਮਸ਼ਾਨ ਘਾਟ ਦੀ ਚਾਰਦੀਵਾਰੀ ਬਣਾਉਣ ਦੇ ਕੰਮ ਵੀ ਤੇਜ਼ੀ ਨਾਲ ਚੱਲ ਰਹੇ ਹਨ। ਇਹ ਸਾਰੇ ਵਿਕਾਸ ਕਾਰਜ ਕਰੀਬ 40 ਲੱਖ ਰੁਪਏ ਦੀ ਲਾਗਤ ਨਾਲ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਪਿੰਡ ਜੱਖਲਾਂ ਵਿੱਚ ਹੋ ਰਹੇ ਇਹ ਵਿਕਾਸ ਕਾਰਜ ਇਸ ਗੱਲ ਦੀ ਜਿਊਂਦੀ ਜਾਗਦੀ ਮਿਸਾਲ ਹਨ।

# ਤਲਬੀਰ ਸਿੰਘ ਗਿੱਲ ਵੱਲੋਂ ਕੇਜਰੀਵਾਲ ਨਾਲ ਮੁਲਾਕਾਤ



**ਚੌਕ ਮਹਿਤਾ, 2 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਵਿਧਾਨ ਸਭਾ ਹਲਕਾ ਮਜੀਠਾ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਵੱਲੋਂ ਵੀਰਵਾਰ ਦਿੱਲੀ ਵਿਖੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ ਅਤੇ ਨਵੇਂ ਸਾਲ ਦੀ ਮੁਬਾਰਕਬਾਦ ਦਿੱਤੀ । ਸਰਦਾਰ ਗਿੱਲ ਦੇ ਨਾਲ ਗਏ ਮਲਕੀਤ ਸਿੰਘ ਬਾਠ ਭੋਏ ਨੇ ਦੱਸਿਆ ਕਿ ਤਲਬੀਰ ਸਿੰਘ ਗਿੱਲ ਨਾਲ ਕੇਜਰੀਵਾਲ ਨੇ ਜਿਥੇ ਉਹਨਾਂ ਨਾਲ ਹਲਕਾ ਮਜੀਠਾ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਸੰਬੰਧੀ ਗੱਲਬਾਤ ਕੀਤੀ ਉਥੇ ਉਹਨਾਂ ਵੱਲੋਂ ਹਲਕਾ ਮਜੀਠਾ ਵਿੱਚ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਦੀ ਜਿੱਤ ਦੀ ਵਧਾਈ ਦਿੱਤੀ ਅਤੇ ਹੋਰ ਤਕੜਿਆਂ ਹੋ ਕੇ ਕੰਮ ਕਰਨ ਲਈ ਥਾਪੜਾ ਦਿੱਤਾ ।

ਗਿੱਲ ਨੇ ਕੇਜਰੀਵਾਲ ਨੂੰ ਦੱਸਿਆ ਕਿ ਵਿਧਾਨ ਸਭਾ ਹਲਕਾ ਮਜੀਠਾ ਜਿੱਥੇ ਕਿ ਅਕਾਲੀ ਦਲ ਦਾ ਗੜ੍ਹ ਹੈ ਵਿੱਚ ਐਤਕੀ ਜਿਸ ਢੰਗ ਨਾਲ ਹਲਕੇ ਦੀ ਲੋਕਾਂ ਨੇ ਆਮ ਆਦਮੀ ਪਾਰਟੀ ਦਾ ਸਾਥ ਦਿੱਤਾ ਹੈ ਇਸ ਤੋਂ ਸਪਸ਼ਟ ਹੈ ਕਿ 2027 ਵਿੱਚ ਵੀ ਆਮ ਆਦਮੀ ਪਾਰਟੀ ਇਸ ਹਲਕੇ ਤੋਂ ਜਿੱਤ ਕੇ ਸਰਕਾਰ ਬਣਾਉਣ ਵਿੱਚ ਆਪਣਾ ਯੋਗਦਾਨ ਪਾਵੇਗੀ।

# ਸਧਾਰਣ ਜੀਵਨ ਅਤੇ ਉੱਚੀ ਸੋਚ



ਮੌਜੂਦਾ ਦੌਰ ਖਪਤ ਅਤੇ ਪਦਾਰਥਵਾਦ ਨਾਲ ਜੁੜੇ ਹੋਣ ਲਈ ਪਰਿਭਾਸ਼ਿਤ ਹੈ, "ਸਧਾਰਣ ਜੀਵਨ ਅਤੇ ਉੱਚੀ ਸੋਚ" ਦਾ ਵਿਚਾਰ ਉਹਨਾਂ ਲੋਕਾਂ ਲਈ ਉਮੀਦ ਦਾ ਇੱਕ ਪ੍ਰਕਾਸ਼ ਪੁੰਜ ਬਣ ਕੇ ਉੱਭਰਿਆ ਹੈ ਜੋ ਆਪਣੇ ਜੀਵਨ ਵਿੱਚ ਸੰਤੋਸ਼ ਦੀ ਖੋਜ ਕਰ ਰਹੇ ਹਨ। ਇਹ ਦਰਸ਼ਨ ਜੋ ਕਿ ਘੱਟਵਾਦ ਅਤੇ ਸਹਿਣਸ਼ੀਲਤਾ ਦੇ ਸਿਧਾਂਤ ਵਿੱਚ ਮੂਲ ਰੱਖਦਾ ਹੈ, ਵਿਅਕਤੀਆਂ ਨੂੰ ਆਧੁਨਿਕ ਜੀਵਨ ਦੇ ਬੇਲੋੜੇ ਪਦਾਰਥਾਂ ਤੋ ਧਿਆਨ ਹਟਾਉਣ ਅਤੇ ਮਾਨਸਿਕ ਸੰਤੋਸ਼ ਤੇ ਕੇਂਦਰਿਤ ਕਰਨ ਲਈ ਪ੍ਰੇਰਿਤ ਕਰਦਾ ਹੈ ਕਿ ਅਸਲ ਵਿੱਚ ਕੀ ਮਹੱਤਵਪੂਰਨ ਹੈ। ਨਿੱਜੀ ਵਿਕਾਸ, ਅਰਥਪੂਰਨ ਸੰਬੰਧ ਅਤੇ ਆਪਣੇ ਆਸ-ਪਾਸ ਦੀ ਦੁਨੀਆ ਨਾਲ ਡੂੰਘਾ ਜੁੜਾਅ ਸਾਧਾ ਜੀਵਨ ਨਿਰਧਾਰਿਤ ਕਰਦਾ ਹੈ।

**ਸਧਾਰਣ ਜੀਵਨ ਨੂੰ ਸਮਝਣਾ**

ਸਧਾਰਣ ਜੀਵਨ ਸਿਰਫ ਤੁਹਾਡੇ ਘਰ ਨੂੰ ਸਾਫ ਕਰਨ ਜਾਂ ਤੁਹਾਡੇ ਸਮਾਨ ਦੀ ਗਿਣਤੀ ਘਟਾਉਣ ਬਾਰੇ ਨਹੀਂ ਹੈ; ਇਹ ਜੀਵਨ ਦਾ ਇੱਕ ਸਮੂਹਿਕ ਦ੍ਰਿਸ਼ਟੀਕੋਣ ਹੈ ਜੋ ਗੁਣ ਨੂੰ ਮਾਤਰਾ ਤੋਂ ਵੱਧ ਮਹੱਤਵ ਦਿੰਦਾ ਹੈ। ਸਧਾਰਣ ਜੀਵਨ ਦੇ ਵਕੀਲ ਹਰ ਪੱਖ ਤੋਂ ਇਰਾਦੇ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹਨ ਜਿਸ ਵਿੱਚ ਇਹ ਸ਼ਾਮਲ ਹੈ ਕਿ ਅਸੀਂ ਕੀ ਖਰੀਦਣ ਬਾਰੇ ਫੈਸਲੇ ਕਰਦੇ ਹਾਂ, ਅਤੇ ਅਸੀਂ ਆਪਣਾ ਸਮਾਂ ਕਿਵੇਂ ਬਿਤਾਉਂਦੇ ਹਾਂ।

1. ਆਪਣੀ ਜਗ੍ਹਾ ਨੂੰ ਸਾਫ ਕਰੋ: ਸ਼ੁਰੂਆਤ ਕਰੋ ਉਹਨਾਂ ਚੀਜ਼ਾਂ ਨੂੰ ਹਟਾਉਣ ਨਾਲ ਜੋ ਹੁਣ ਤੁਹਾਡੇ ਜੀਵਨ ਵਿੱਚ ਕੋਈ ਉਦੇਸ਼ ਨਹੀਂ ਰੱਖਦੀਆਂ। ਇਸ ਨਾਲ ਇੱਕ ਸ਼ਾਂਤ ਮਾਹੌਲ ਬਣ ਸਕਦਾ ਹੈ ਅਤੇ ਤੁਹਾਨੂੰ ਅਸਲ ਵਿੱਚ ਕੀ ਮਹੱਤਵਪੂਰਨ ਹੈ, ਉਸ 'ਤੇ ਧਿਆਨ ਕੇਂਦ੍ਰਿਤ ਕਰਨ ਦੀ ਆਜ਼ਾਦੀ ਮਿਲਦੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

2. ਡਿਜੀਟਲ ਧਿਆਨਾਂ ਨੂੰ ਸੀਮਿਤ ਕਰੋ: ਸਾਡੇ ਹਾਈਪਰ-ਜੁੜੇ ਹੋਏ ਸੰਸਾਰ ਵਿੱਚ, ਸੋਸ਼ਲ ਮੀਡੀਆ ਅਤੇ ਅਖ਼ਬਾਰਾਂ ਵਿੱਚ ਖੋ ਜਾਣਾ ਆਸਾਨ ਹੈ। ਈਮੇਲ ਅਤੇ ਸੋਸ਼ਲ ਮੀਡੀਆ ਜਾਂਚਣ ਲਈ ਵਿਸ਼ੇਸ਼ ਸਮੇਂ ਦੀ ਨਿਯੁਕਤੀ ਕਰੋ ਤਾਂ ਕਿ ਤੁਸੀਂ ਆਪਣਾ ਸਮਾਂ ਅਤੇ ਮਾਨਸਿਕ ਊਰਜਾ ਮੁੜ ਪ੍ਰਾਪਤ ਕਰ ਸਕੋ।

3. ਸਹਿਣਸ਼ੀਲਤਾ ਦਾ ਅਭਿਆਸ ਕਰੋ: ਸਹਿਣਸ਼ੀਲਤਾ ਦੇ ਅਭਿਆਸਾਂ ਵਿੱਚ ਸ਼ਾਮਲ ਹੋਵੋ ਜਿਵੇਂ ਕਿ ਧਿਆਨ ਜਾਂ ਯੋਗਾ, ਜੋ ਤੁਹਾਨੂੰ ਮੌਜੂਦਾ ਪਲ ਵਿੱਚ ਜ਼ਮੀਨੀ ਹਕੀਕਤ 'ਤੇ ਲਿਆਉਂਦੇ ਹਨ ਅਤੇ ਤੁਹਾਡੇ ਆਪ ਅਤੇ ਆਪਣੇ ਆਸ-ਪਾਸ ਦੀ ਦੁਨੀਆ ਨਾਲ ਡੂੰਘਾ ਜੁੜਾਅ ਪੈਦਾ ਕਰਦੇ ਹਨ।

**ਉੱਚ ਸੋਚ ਨੂੰ ਵਿਕਸਤ ਕਰਨਾ**

ਉੱਚ ਸੋਚ ਦਾ ਮਤਲਬ ਆਪਣੇ ਵਿਚਾਰਾਂ ਅਤੇ ਆਸਾਂ ਨੂੰ ਆਮ ਤੋਂ ਉੱਚਾ ਉਠਾਉਣਾ ਹੈ। ਇਹ ਵਿਅਕਤੀਆਂ ਨੂੰ ਗਿਆਨ, ਰਚਨਾਤਮਕਤਾ, ਅਤੇ ਕਰੁਣਾ ਦੀ ਖੋਜ ਕਰਨ ਲਈ ਪ੍ਰੇਰਿਤ ਕਰਦਾ ਹੈ, ਜਿਸ ਨਾਲ ਇੱਕ ਵੱਧ ਸੰਤੋਸ਼ਜਨਕ ਜੀਵਨ ਬਣਦਾ ਹੈ।

1. ਨਿਰੰਤਰ ਸਿੱਖਣਾ: ਨਿਰੰਤਰ ਸਿੱਖਣ ਲਈ ਵਚਨਬੱਧ ਹੋਵੋ, ਚਾਹੇ ਉਹ ਫਾਰਮਲ ਕਲਾਸਾਂ ਰਾਹੀਂ ਹੋਵੇ, ਕਿਤਾਬਾਂ ਪੜ੍ਹ ਕੇ, ਜਾਂ ਹੋਰਾਂ ਨਾਲ ਗੱਲਬਾਤ ਕਰਕੇ। ਗਿਆਨ ਸਾਡੇ ਦ੍ਰਿਸ਼ਟੀਕੋਣ ਨੂੰ ਵਿਆਪਕ ਬਣਾਉਂਦਾ ਹੈ ਅਤੇ ਸੰਸਾਰ ਦੀ ਸਮਝ ਨੂੰ ਵਧਾਉਂਦਾ ਹੈ।

2. ਅਰਥਪੂਰਨ ਗੱਲਬਾਤਾਂ ਵਿੱਚ ਸ਼ਾਮਲ ਹੋਵੋ: ਆਪਣੇ ਆਪ ਨੂੰ ਉਹਨਾਂ ਲੋਕਾਂ ਨਾਲ ਘੇਰੋ ਜੋ ਤੁਹਾਨੂੰ ਪ੍ਰੇਰਿਤ ਕਰਦੇ ਹਨ। ਡੂੰਘੀਆਂ ਗੱਲਬਾਤਾਂ ਵਿੱਚ ਸ਼ਾਮਲ ਹੋਣਾ ਨਵੇਂ ਵਿਚਾਰਾਂ ਅਤੇ ਦ੍ਰਿਸ਼ਟੀਕੋਣਾਂ ਨੂੰ ਉਤਪੰਨ ਕਰ ਸਕਦਾ ਹੈ, ਜੋ ਨਿੱਜੀ ਵਿਕਾਸ ਨੂੰ ਪ੍ਰੋਤਸਾਹਿਤ ਕਰਦਾ ਹੈ।

3. ਸੰਤੋਸ਼ ਦਾ ਅਭਿਆਸ ਕਰੋ: ਨਿਯਮਿਤ ਤੌਰ 'ਤੇ ਇਹ ਸੋਚਣਾ ਕਿ ਤੁਸੀਂ ਕਿਸ ਲਈ ਧੰਨਵਾਦੀ ਹੋ, ਤੁਹਾਡੇ ਮਨੋਭਾਵ ਨੂੰ ਘਟਾਅ ਤੋਂ ਵੱਧ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ, ਤੁਹਾਡੇ ਕੁੱਲ ਖੁਸ਼ੀ ਅਤੇ ਸੁਖ-ਸੰਤੋਸ਼ ਨੂੰ ਵਧਾਉਂਦਾ ਹੈ।

**ਸਧਾਰਣ ਜੀਵਨ ਅਤੇ ਉੱਚ ਸੋਚ ਦਾ ਟੀਚਾ**

ਸਧਾਰਣ ਜੀਵਨ ਅਤੇ ਉੱਚ ਸੋਚ ਦੇ ਵਿਚਕਾਰ ਸਹਿਯੋਗ ਇੱਕ ਸ਼ਕਤੀਸ਼ਾਲੀ ਢਾਂਚਾ ਬਣਾਉਂਦਾ ਹੈ ਜੋ ਨਿੱਜੀ ਸੰਤੋਸ਼ ਲਈ ਲੋੜੀਂਦਾ ਹੈ। ਸਾਡੇ ਜੀਵਨ ਨੂੰ ਸਧਾਰਿਤ ਕਰਕੇ, ਅਸੀਂ ਡੂੰਘੇ ਵਿਚਾਰਾਂ ਅਤੇ ਜੁੜਾਵਾਂ ਲਈ ਥਾਂ ਬਣਾਉਂਦੇ ਹਾਂ। ਇੱਥੇ ਕੁਝ ਕਾਰਗਰ ਕਦਮ ਹਨ ਜੋ ਦੋਹਾਂ ਦਰਸ਼ਨਾਂ ਨੂੰ ਇਕੱਠੇ ਕਰਨ ਲਈ:

ਪੱਕੇ ਇਰਾਦੇ ਵਾਲੇ ਟੀਚੇ ਬਣਾਓ: ਉਹਨਾਂ ਚੀਜ਼ਾਂ ਦੀ ਪਛਾਣ ਕਰੋ ਜੋ ਤੁਹਾਡੇ ਲਈ ਅਸਲ ਵਿੱਚ ਮਹੱਤਵਪੂਰਨ ਹਨ - ਚਾਹੇ ਉਹ ਕੈਰੀਅਰ ਦੇ ਟੀਚੇ, ਨਿੱਜੀ ਸੰਬੰਧ ਜਾਂ ਰਚਨਾਤਮਕ ਯਤਨਾਂ ਦੇ ਬਾਰੇ ਹੋਵੇ ਅਤੇ ਆਪਣੇ ਕੰਮ ਨੂੰ ਇਨ੍ਹਾਂ ਲਕਸ਼ਾਂ ਨਾਲ ਮੇਲ ਖਾਣ ਵਾਲਾ ਬਣਾਓ।

ਸੇਵਾ ਕਰੋ ਅਤੇ ਸਮਾਜ ਨਾਲ ਜੁੜੋ: ਆਪਣੇ ਸਮਾਜ ਨਾਲ ਜੁੜਨਾ ਇੱਕ ਉਦੇਸ਼ ਅਤੇ ਸੰਬੰਧ ਦਾ ਅਹਿਸਾਸ ਪ੍ਰਦਾਨ ਕਰ ਸਕਦਾ ਹੈ। ਸਵੈ ਇੱਛਤ ਸੇਵਾ ਦਾ ਸਿਧਾਂਤ ਨਾ ਸਿਰਫ ਹੋਰਨਾਂ ਦੀ ਮਦਦ ਕਰਦਾ ਹੈ ਪਰ ਤੁਹਾਡੇ ਆਪਣੇ ਜੀਵਨ ਵਿੱਚ ਸੰਤੋਸ਼ਜਨਕ ਦ੍ਰਿਸ਼ਟੀਕੋਣ ਨੂੰ ਵੀ ਪੈਦਾ ਕਰਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਕੁਦਰਤ ਨਾਲ ਜੁੜੋ: ਬਾਹਰ ਸਮੇਂ ਬਿਤਾਉਣਾ ਮਨ ਅਤੇ ਆਤਮਾ ਨੂੰ ਤਾਜ਼ਗੀ ਦੇ ਸਕਦਾ ਹੈ। ਕੁਦਰਤ ਇੱਕ ਅਜਿਹਾ ਤਰੀਕਾ ਹੈ ਜੋ ਸਾਨੂੰ ਸਧਾਰਣਤਾ ਵਿੱਚ ਸੁੰਦਰਤਾ ਦੀ ਯਾਦ ਦਿਵਾਉਂਦਾ ਹੈ।

ਅਸੀਂ ਆਧੁਨਿਕ ਜੀਵਨ ਦੇ ਸੁੱਖ ਸਾਧਨਾਂ ਦੀ ਵਰਤੋਂ ਕਰਦੇ ਹਾਂ ਇਸ ਦੇ ਨਾਲ ਨਾਲ ਸਧਾਰਣ ਜੀਵਨ ਅਤੇ ਉੱਚ ਸੋਚ ਦੇ ਨਿਯਮ ਵੱਧ ਸੰਤੋਸ਼ ਪ੍ਰਾਪਤ ਕਰਨ ਲਈ ਇੱਕ ਰਾਹ ਦਸੇਰਾ ਬਣ ਕੇ ਉੱਭਰਦੇ ਹਨ। ਆਪਣੇ ਜੀਵਨ ਨੂੰ ਇਰਾਦੇ ਨਾਲ ਸੁਧਾਰ ਕੇ ਅਤੇ ਆਪਣੇ ਵਿਚਾਰਾਂ ਨੂੰ ਉੱਚਾ ਉਠਾ ਕੇ, ਅਸੀਂ ਇੱਕ ਐਸੀ ਸ਼ਾਂਤੀ, ਉਦੇਸ਼, ਅਤੇ ਜੁੜਾਅ ਦਾ ਅਹਿਸਾਸ ਪੈਦਾ ਕਰ ਸਕਦੇ ਹਾਂ ਜੋ ਪਦਾਰਥਵਾਦ ਤੋਂ ਵਿਲੱਖਣ ਹੈ। ਇਸ ਖੋਜ ਵਿੱਚ ਅਸੀਂ ਨਾ ਸਿਰਫ ਜੀਵਨ ਜੀਉਣ ਦਾ ਇੱਕ ਤਰੀਕਾ ਲੱਭਣ ਵਿੱਚ ਕਾਮਯਾਬ ਹੋਵਾਂਗੇ ਪਰ ਨਾਲ ਹੀ ਉਸ ਤਰੀਕੇ ਨਾਲ ਚੜ੍ਹਦੀ ਕਲਾ ਵਾਲਾ ਮੁਕਾਮ ਵੀ ਹਾਸਿਲ ਕਰਾਂਗੇ। ਪ੍ਰਥਮ ਦ੍ਰਿਸ਼ਟੀ ਵਿੱਚ ਇਹਨਾਂ ਪ੍ਰੈਕਟਿਸਾਂ ਨੂੰ ਆਪਣੇ ਰੋਜਾਨਾ ਵਿੱਚ ਸ਼ਾਮਿਲ ਕਰਨਾ ਔਖਾ ਲੱਗ ਸਕਦਾ ਹੈ, ਪਰ ਛੋਟੇ ਛੋਟੇ ਤੇ ਲਗਾਤਾਰ ਬਦਲਾਅ ਵੱਡੀਆਂ ਤਬਦੀਲੀਆਂ ਪੈਦਾ ਕਰ ਸਕਦੇ ਹਨ। ਜਿਵੇਂ ਜਿਵੇਂ ਹੋਰ ਵਿਅਕਤੀ ਇਸ ਦਰਸ਼ਨ ਨੂੰ ਗਲੇ ਲਗਾਉਂਦੇ ਹਨ, ਅਸੀਂ ਇੱਕ ਵੱਧ ਸੋਚਣ ਵਾਲੇ ਕਰੁਣਾਵਾਨ ਸਮਾਜ ਵੱਲ ਵੱਧ ਰਹੇ ਹਾਂ - ਇੱਕ ਐਸਾ ਸਮਾਜ ਜੋ ਡੂੰਘਾਈ ਨੂੰ ਧਿਆਨ ਦਿੰਦਾ ਹੈ ਅਤੇ ਵਿਘਟਨ ਤੋਂ ਪਰੇ ਗੱਲਾਂ ਦੀ ਕੀਮਤ ਦਿੰਦਾ ਹੈ।

**ਕਾਰਵਾਈ ਦਾ ਆਹਵਾਨ**

ਕੀ ਤੁਸੀਂ ਸਾਦਾ ਜੀਵਨ ਅਤੇ ਉੱਚ ਸੋਚ ਵੱਲ ਇਸ ਯਾਤਰਾ 'ਤੇ ਚੱਲਣ ਲਈ ਤਿਆਰ ਹੋ?

ਅੱਜ ਹੀ ਇੱਕ ਛੋਟਾ ਕਦਮ ਚੁੱਕੋ, ਜਿਵੇਂ ਕਿ ਆਪਣੇ ਹੰਕਾਰ ਨੂੰ ਘਟਾਉਣਾ ਜਾਂ ਕੋਈ ਅਰਥਪੂਰਕ ਗੱਲਬਾਤ ਕਰਨਾ। ਸੰਤੋਸ਼ ਦੀ ਰਾਹ ਤੁਹਾਨੂੰ ਆਪ ਹੀ ਲੱਭਣੀ ਤੇ ਬਣਾਉਣੀ ਪੈਣੀ ਹੈ।

**-ਡਾ. (ਆਨਰੇਰੀ)ਸੁਰਿੰਦਰਪਾਲ ਸਿੰਘ**
**ਸ੍ਰੀ ਅਮ੍ਰਿਤਸਰ ਸਾਹਿਬ।**

# ਜਥੇਬੰਦੀ ਨੇ ਨਵੇਂ ਸਾਲ ਦਾ ਕੈਲੰਡਰ ਜਾਰੀ ਕੀਤਾ



ਧੂਰੀ ( ਰਣਜੀਤ ਸਿੰਘ ਪੇਧਨੀ )-ਨਵੇਂ ਸਾਲ ਦੀ ਆਮਦ ਤੇ ਅੱਜ SE ਸੰਗਰੂਰ ਸਤਿਕਾਰਯੋਗ ਇੰਜ:ਐਨ. ਕੇ ਜਿੰਦਲ ਅਤੇ ਐਕਸ਼ਨ ਮਨੋਜ ਕੁਮਾਰ,ਸਟੇਟ ਕਮੇਟੀ ਦੇ ਆਗੂ ਇੰਜ ਚਰਨਜੀਤ ਸਿੰਘ ਬਾਵਾ, ਨਪਿੰਦਰ ਸਿੰਘ ਕਾਂਝਲਾ, ਸਰਕਲ ਆਗੂ ਜਰਨੈਲ ਸਿੰਘ ਮਾਨਾਂ,ਮਨਜੀਤ ਸਿੰਘ ਲੱਡਾ,ਕੁਲਜੀਤ ਸਿੰਘ ਅਤੇ ਸਮੂਹ ਸਵ ਡਵੀਜ਼ਨ ਦੇ ਅਹੁਦੇਦਾਰਾਂ ਤੇ ਮੈਂਬਰਾਂ ਦੇ ਸਹਿਯੋਗ ਨਾਲ ਕੈਲੰਡਰ ਰਲੀਜ ਕੀਤਾ ਗਿਆ ਅਤੇ ਦਫਤਰਾਂ ਵਿੱਚ ਕੈਲੰਡਰ ਲਗਾਏ ਗਏ।

ਆਵਾਜ਼ਿ ਕੌਮ AWAZE QAUM International Newspaper & WEB TV

## 328 ਪਾਵਨ ਸਰੂਪ ਮਾਮਲੇ 'ਚ ਪੱਤਰਕਾਰਾਂ ਨਾਲ ਧੱਕੇਸ਼ਾਹੀ ਨਹੀਂ

# ਪਾਰਦਰਸ਼ਤਾ ਯਕੀਨੀ ਬਣੇ: ਪ੍ਰੋ. ਸਰਚਾਂਦ ਸਿੰਘ ਖਿਆਲਾ



**ਅੰਮ੍ਰਿਤਸਰ, 2 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਭਾਜਪਾ ਦੇ ਬੁਲਾਰੇ ਅਤੇ ਸਿੱਖ ਚਿੰਤਕ ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਨਾਲ ਜੁੜੇ ਗੰਭੀਰ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਸੀ.ਏ. ਸਤਿੰਦਰ ਸਿੰਘ ਕੋਹਲੀ ਦੀ ਅੰਮ੍ਰਿਤਸਰ ਵਿਖੇ ਪੁਲਿਸ ਵੱਲੋਂ ਕੀਤੀ ਗਈ ਪੇਸ਼ੀ ਮੌਕੇ ਪੱਤਰਕਾਰਾਂ ਨਾਲ ਕੀਤੀ ਗਈ ਧੱਕੇਸ਼ਾਹੀ ਨੂੰ ਮੰਦਭਾਗੀ, ਨਿੰਦਣਯੋਗ ਅਤੇ ਲੋਕਤੰਤਰਿਕ ਕਦਰਾਂ-ਕੀਮਤਾਂ ਦੇ ਖ਼ਿਲਾਫ਼ ਕਰਾਰ ਦਿੱਤਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਪ੍ਰੋ. ਖਿਆਲਾ ਨੇ ਕਿਹਾ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਾਲ ਜੁੜੇ ਸੰਵੇਦਨਸ਼ੀਲ ਮਾਮਲੇ ਵਿੱਚ ਨਾ ਤਾਂ ਸੱਚ ਨੂੰ ਦਬਾਇਆ ਜਾ ਸਕਦਾ ਹੈ ਅਤੇ ਨਾ ਹੀ ਲੋਕਾਂ ਦੀ ਆਵਾਜ਼ ਨੂੰ। ਸੱਚ, ਪਾਰਦਰਸ਼ਤਾ ਅਤੇ ਜਵਾਬਦੇਹੀ ਹੀ ਇਸ ਸੰਵੇਦਨਸ਼ੀਲ ਮਾਮਲੇ ਵਿੱਚ ਇਨਸਾਫ਼ ਵੱਲ ਲੈ ਕੇ ਜਾ ਸਕਦੀ ਹੈ।

ਉਨ੍ਹਾਂ ਕਿਹਾ ਕਿ ਜਿਸ ਮਾਮਲੇ ਨਾਲ ਸਿੱਖ ਕੌਮ ਦੀ ਆਸਥਾ ਅਤੇ ਧਾਰਮਿਕ ਸੰਵੇਦਨਾ ਸਿੱਧੀ ਤਰ੍ਹਾਂ ਜੁੜੀ ਹੋਵੇ, ਉਸ ਵਿਚ ਹਰ ਨਿੱਕੀ ਤੋਂ ਨਿੱਕੀ ਕਾਰਵਾਈ ਬਾਰੇ ਜਨਤਾ ਨੂੰ ਜਾਣਨ ਦਾ ਪੂਰਾ ਅਧਿਕਾਰ ਹੈ। ਪਾਵਨ ਸਰੂਪਾਂ ਦੇ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦਾ ਲੁਕੋ, ਅਸਪਸ਼ਟਤਾ ਜਾਂ ਜਾਣਕਾਰੀ ਛੁਪਾਉਣ ਦੀ ਕੋਸ਼ਿਸ਼ ਸੰਦੇਹ ਪੈਦਾ ਕਰਦੀ ਹੈ ਅਤੇ ਲੋਕਾਂ ਦੇ ਭਰੋਸੇ ਨੂੰ ਸੱਟ ਪਹੁੰਚਾਉਂਦੀ ਹੈ। ਪ੍ਰੋ. ਖਿਆਲਾ ਨੇ ਕਿਹਾ ਕਿ ਸਤਿੰਦਰ ਕੋਹਲੀ ਦੀ ਅਦਾਲਤੀ ਪੇਸ਼ੀ ਮੌਕੇ ਸਮੁੱਚੇ ਪੱਤਰਕਾਰ ਭਾਈਚਾਰੇ ਨੂੰ ਹਨੇਰੇ ਵਿੱਚ ਰੱਖਣਾ, ਕਵਰੇਜ ਕਰਨ ਤੋਂ ਰੋਕਣਾ ਅਤੇ ਧੱਕੇਸ਼ਾਹੀ ਕਰਨਾ ਸਿਰਫ਼ ਮੀਡੀਆ ਦੀ ਆਜ਼ਾਦੀ 'ਤੇ ਹਮਲਾ ਹੀ ਨਹੀਂ, ਸਗੋਂ ਸੱਚ ਨੂੰ ਲੋਕਾਂ ਤੱਕ ਪਹੁੰਚਣ ਤੋਂ ਰੋਕਣ ਦੀ ਨਾਕਾਮ ਕੋਸ਼ਿਸ਼ ਹੈ। ਇਹ ਰਵੱਈਆ ਕਿਸੇ ਵੀ ਤਰ੍ਹਾਂ ਨਾਲ ਕਬੂਲਣ ਯੋਗ ਨਹੀਂ ਹੈ। ਉਨ੍ਹਾਂ ਸਪਸ਼ਟ ਤੌਰ 'ਤੇ ਮੰਗ ਕੀਤੀ ਕਿ ਪਾਵਨ ਸਰੂਪਾਂ ਦੇ ਮਾਮਲੇ ਵਿੱਚ ਪਾਰਦਰਸ਼ਤਾ ਨੂੰ ਕੇਂਦਰ ਵਿੱਚ ਰੱਖਦਿਆਂ, ਪੁਲਿਸ ਅਤੇ ਨਿਆਂ ਪ੍ਰਣਾਲੀ ਵੱਲੋਂ ਕੀਤੀ ਜਾਣ ਵਾਲੀ ਹਰ ਕਾਰਵਾਈ ਦੀ ਜਾਣਕਾਰੀ ਰੋਜ਼ਾਨਾ ਦੇ ਆਧਾਰ 'ਤੇ ਪ੍ਰੈੱਸ ਨਾਲ ਸਾਂਝੀ ਕੀਤੀ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਮੀਡੀਆ ਨੂੰ ਆਪਣਾ ਫ਼ਰਜ਼ ਨਿਭਾਉਣ ਤੋਂ ਨਾ ਰੋਕਿਆ ਜਾਵੇ। ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਪੱਤਰਕਾਰ ਲੋਕਤੰਤਰ ਦਾ ਚੌਥਾ ਸਤੰਭ ਹਨ ਅਤੇ ਉਨ੍ਹਾਂ ਨਾਲ ਹੋਈ ਬਦਸਲੂਕੀ ਨੇ ਪੂਰੇ ਪੱਤਰਕਾਰ ਭਾਈਚਾਰੇ ਵਿੱਚ ਜੋ ਰੋਸ ਪੈਦਾ ਕੀਤਾ ਹੈ, ਉਸ ਨੂੰ ਸ਼ਾਂਤ ਕਰਨ ਲਈ ਪ੍ਰਸ਼ਾਸਨ ਤੁਰੰਤ ਸੰਵੇਦਨਸ਼ੀਲ ਅਤੇ ਜ਼ਿੰਮੇਵਾਰ ਕਦਮ ਚੁੱਕੇ। ਨਾਲ ਹੀ, ਇਸ ਘਟਨਾ ਲਈ ਜ਼ਿੰਮੇਵਾਰ ਅਧਿਕਾਰੀਆਂ ਦੀ ਪਛਾਣ ਕਰਕੇ ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ, ਤਾਂ ਜੋ ਭਵਿੱਖ ਵਿੱਚ ਅਜਿਹੀ ਗ਼ਲਤੀ ਦੁਹਰਾਈ ਨਾ ਜਾਵੇ।

# ਗੁਰੂ ਤੇਗ ਬਹਾਦਰ ਮਾਰਕੀਟ, ਧੂਰੀ ਵੱਲੋਂ ਸੁਖਮਨੀ ਸਾਹਿਬ ਜਾਪ ਕਰਵਾਏ



ਧੂਰੀ / ਸੰਗਾਲਾ( ਰਣਜੀਤ ਸਿੰਘ ਪੇਧਨੀ /ਬਿੰਨੀ ਗਰਗ)-ਨਵੇਂ ਸਾਲ ਦੇ ਸ਼ੁਭ ਅਵਸਰ 'ਤੇ ਹਰ ਸਾਲ ਦੀ ਤਰ੍ਹਾਂ ਗੁਰੂ ਤੇਗ ਬਹਾਦਰ ਮਾਰਕੀਟ, ਧੂਰੀ ਵੱਲੋਂ 5ਵਾਂ ਸਲਾਨਾ ਸੁਖਮਨੀ ਸਾਹਿਬ ਦੇ ਪਾਠ ਦਾ ਭੋਗ ਸਮਾਗਮ ਪੂਰੀ ਸ਼ਰਧਾ ਤੇ ਸਤਿਕਾਰ ਨਾਲ ਕਰਵਾਇਆ ਗਿਆ। ਇਸ ਧਾਰਮਿਕ ਸਮਾਗਮ ਦੌਰਾਨ ਆਪ ਦੇ ਸੀਨੀਅਰ ਆਗੂ ਸਤਿੰਦਰ ਸਿੰਘ ਚੱਠਾ, ਧੂਰੀ ਮੈਡੀਕਲ ਹਾਲ ਅਤੇ ਹੋਲਸੇਲ ਐਸੋਸੀਏਸ਼ਨ ਦੇ ਪਰਧਾਨ ਸ੍ਰੀ ਰਾਕੇਸ਼ ਕੁਮਾਰ ਸਮੇਤ ਵਿਸ਼ੇਸ਼ ਤੌਰ 'ਤੇ ਪਹੁੰਚੇ ਵਿਨੋਦ ਕੁਮਾਰ ਹੈਪੀ, ਹਰਪਰੀਤ ਸਿੰਘ ਗਿੱਲ (ਸੀਐੱਮ ਦਫ਼ਤਰ ਧੂਰੀ), ਬੀਬੀ ਅਮਰਜੀਤ ਕੌਰ ਐਮ.ਸੀ. ਅਤੇ ਹੋਰ ਜ਼ਿੰਮੇਵਾਰ ਅਹੁਦੇਦਾਰਾਂ ਨੂੰ ਮਾਰਕੀਟ ਦੇ ਸਾਥੀਆਂ ਵੱਲੋਂ ਸਿਰੋਪਾ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮਾਗਮ ਵਿੱਚ ਸ਼ਾਮਲ ਹੋਏ ਸਾਰੇ ਮਹਿਮਾਨਾਂ ਅਤੇ ਸਾਥੀਆਂ ਦਾ ਦਿਲੋਂ ਧੰਨਵਾਦ ਕੀਤਾ ਗਿਆ। ਧੰਨਵਾਦ ਕਰਨ ਵਾਲਿਆਂ ਵਿੱਚ ਡਾ. ਅਮਰੀਕ ਸਿੰਘ ਪੇਧਨੀ, ਡਾ. ਹਰਵਿੰਦਰ ਸਿੰਘ, ਅਮਨਪ੍ਰੀਤ ਸਿੰਘ (ਮਨੀ), ਚਰਨਜੀਤ ਸਿੰਘ ਚੰਨੀ, ਡਾ. ਸੁਖਵਿੰਦਰ ਸਿੰਘ, ਸੁਰਿੰਦਰ ਸਿੰਗਲਾ, ਪ੍ਰਕਾਸ਼ ਟਰੈਕਟਰ ਸਰਵਿਸ, ਹਰਪ੍ਰੀਤ ਸਿੰਘ ਬਿਰਦੀ, ਕ੍ਰਿਸ਼ਨਾ ਸੇਲਜ, ਲੱਕੀ, ਕੁਲਦੀਪ ਸਿੰਘ ਅਤੇ ਗੁਰੂਦੁਆਰਾ ਕਲਗੀਧਰ ਦਸਮੇਸ ਨਗਰ ਦੀ ਪਰਬੰਧਕ ਕਮੇਟੀ ਧੂਰੀ ਆਦਿ ਸ਼ਾਮਲ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਦੋ ਹਫਤੇ ਦੀ ਡੇਅਰੀ ਸਿਖਲਾਈ ਦੀ ਕੌਂਸਲਿੰਗ 5 ਜਨਵਰੀ ਤੋਂ ਸ਼ੁਰੂ - ਡਿਪਟੀ ਡਾਇਰੈਕਟਰ



ਜੰਡਿਆਲਾ ਗੁਰੂ 2 ਜਨਵਰੀ ( ਕੁਲਵੰਤ ਸਿੰਘ ਵਿਰਦੀ ) ਕੈਬਨਿਟ ਮੰਤਰੀ ਖੇਤੀਬਾੜੀ ਮੰਤਰੀ ਵਿਭਾਗ ਅਤੇ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ, ਸ੍ਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ, ਪੰਜਾਬ ਸ਼੍ਰੀ ਕੁਲਦੀਪ ਸਿੰਘ ਜੱਸੋਵਾਲ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸ਼੍ਰੀ ਵਰਿਆਮ ਸਿੰਘ, ਡਿਪਟੀ ਡਾਇਰੈਕਟਰ ਡੇਅਰੀ ਵਿਕਾਸ-ਕਮ-ਇੰਚਾਰਜ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ, ਵੇਰਕਾ ਦੀ ਰਹਿਨੁਮਾਈ ਹੇਠ ਦੋ ਹਫਤੇ ਦੀ ਡੇਅਰੀ ਸਿਖਲਾਈ ਕੋਰਸ 05/01/2026 ਤੋਂ 16/01/2026 ਤੱਕ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ, ਵੇਰਕਾ ਵਿਖੇ ਚਲਾਇਆ ਜਾ ਰਿਹਾ ਹੈ। ਉਨਾਂ ਦੱਸਿਆ ਕਿ ਇਸ ਸਿਖਲਾਈ ਸਬੰਧੀ ਕੌਂਸਲਿੰਗ 5/01/2026 ਨੂੰ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ ਵੇਰਕਾ ਵਿਖੇ ਰੱਖੀ ਗਈ ਹੈ, ਜਿਸ ਵਿੱਚ ਦੁੱਧ ਤੋਂ ਦੁੱਧ ਪਦਾਰਥ ਬਣਾਉਣ, ਡੇਅਰੀ ਫਾਰਮ ਦਾ ਪ੍ਰਬੰਧ ,ਦੁਧਾਰੂ ਪਸ਼ੂਆਂ ਦੀ ਨਸਲ ਸੁਧਾਰ, ਅਤੇ ਸੰਤੁਲਿਤ ਪਸ਼ੂ ਖੁਰਾਕ ਸਬੰਧੀ, ਆਧੁਨਿਕ ਤਕਨੀਕ ਨਾਲ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਇਸ ਸਿਖਲਾਈ ਲਈ ਜਿਲਾ ਅੰਮ੍ਰਿਤਸਰ ਦੇ ਚਾਹਵਾਨ ਡੇਅਰੀ ਫਾਰਮਰ ਮਿਤੀ 5 ਜਨਵਰੀ 2026 ਨੂੰ ਲਾਭਪਾਤਰੀਆਂ ਨੂੰ 2 ਹਫਤੇ (10 ਕੰਮ ਕਾਜੀ ਦਿੰਨ) ਦੀ ਸਿਖਲਾਈ ਦੇਣ ਲਈ ਹੇਠ ਲਿਖੇ ਨੁਕਤਿਆਂ ਨੂੰ ਧਿਆਨ ਵਿਚ ਰੱਖਣਾ ਲਾਜਮੀ ਹੈ। ਉਨਾਂ ਦੱਸਿਆ ਕਿ ਸਿਖਿਆਰਥੀ ਪੰਜਾਬ ਦਾ ਰਹਿਣ ਵਾਲਾ ਹੋਵੇ, ਆਧਾਰ ਕਾਰਡ ਦੀ ਫੋਟੋ ਕਾਪੀ, 1 ਪਾਸਪੋਰਟ ਸਾਈਜ ਫੋਟੋ, ਉਹ ਘੱਟੋ ਘੱਟ ਪੰਜਵੀਂ ਪਾਸ ਦੇ ਸਰਟੀਫੇਕਟ ਦੀ ਫੋਟੋ ਕਾਪੀ, ਉਮਰ 18 ਤੋਂ 55 ਸਾਲ , ਅਨੁਸੂਚਿਤ ਜਾਤੀ ਸਰਟੀਫਇਕੇਟ (ਡਿਜੀਟਲ) ਹੌਣਾ ਜਰੂਰੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV



# ਜਨਮ ਦਿਨ ਮੁਬਾਰਕ





ਜਨਮ ਦਿਨ, ਜਥੇਦਾਰ ਬਾਬਾ ਬੋਹੜ ਸਿੰਘ ਦਮਦਮੀ ਟਕਸਾਲ ਵਾਲਿਆਂ ਦੇ ਸਪੁੱਤਰ ਗੁਰਜੀਤ ਸਿੰਘ ਦੇ ਜਨਮ ਦਿਨ ਦੀਆਂ ਦੇਸ਼ਾਂ ਵਿਦੇਸ਼ਾਂ ਵਿੱਚ ਵੱਸਦੇ ਸਮੂਹ ਪੰਜਾਬੀਆਂ ਵੱਲੋਂ ਲੱਖ ਲੱਖ ਵਧਾਈਆਂ ਹੋਣ ਜੀ। (ਫੋਟੋ ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM

### ਗੁਰਦੁਆਰਾ ਸਿੰਘਾਂ ਸ਼ਹੀਦਾਂ ਡੇਰਾ ਸੰਤ ਜਰਨੈਲ ਸਿੰਘ ਨੰਗਲ ਬੇਟ ਫਿਲੌਰ ਤੋਂ

# ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ : ਸੰਤ ਸੁਖਵਿੰਦਰ ਸਿੰਘ



**ਜੰਡਿਆਲਾ ਗੁਰੂ 2 ਜਨਵਰੀ (ਕੁਲਵੰਤ ਸਿੰਘ ਵਿਰਦੀ)**-ਇਤਿਹਾਸਕ ਗੁਰਦੁਆਰੇ ਬਾਉਲੀ ਸਾਹਿਬ ਫਿਲੌਰ ਜਲੰਧਰ ਦੇ ਪ੍ਰਬੰਧਕਾਂ ਵੱਲੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇੱਕ ਵਿਸ਼ਾਲ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਅਤੇ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਸਜਾਇਆ ਗਿਆ, ਨਗਰ ਕੀਰਤਨ 'ਚ ਫ਼ਿਲੌਰ ਦੇ ਧਾਰਮਿਕ ਸਿਆਸੀ ਤੇ ਸਮਾਜਿਕ ਆਗੂਆਂ ਦੇ ਨਾਲ ਨਾਲ ਸੈਂਕੜੇ ਸੰਗਤਾਂ ਨੇ ਸ਼ਮੂਲੀਅਤ ਕੀਤੀ,ਫਿਲੌਰ ਦੀਆਂ ਸ਼ਰਧਾ ਵਾਨ ਸੰਗਤਾਂ ਵੱਲੋਂ ਨਗਰ ਕੀਰਤਨ ਵਿੱਚ ਸ਼ਾਮਲ ਸੰਗਤਾਂ ਦੀ ਚਾਹ ਪਕੌੜੇ ਬਿਸਕੁਟ ਤੇ ਅਨੇਕਾਂ ਤਰ੍ਹਾਂ ਦੇ ਫਲ ਫਰੂਟ ਨਾਲ ਰੱਜ ਕੇ ਸੇਵਾ ਕੀਤੀ ਗਈ, ਸੰਗਤਾਂ ਵੱਲੋਂ ਨਗਰ ਕੀਰਤਨ 'ਚ ਸ਼ਾਮਲ ਪੰਜ ਪਿਆਰਿਆਂ ਨੂੰ ਸਿਰਪਾਓ ਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲੇ ਸਾਹਿਬ ਜਿਥੇ ਭੇਂਟ ਕੀਤੇ ਗਏ, ਉਥੇ ਦੁਆਬਾ ਖੇਤਰ 'ਚ ਆਪਣੇ ਧਾਰਮਿਕ ਸਮਾਜਿਕ ਤੇ ਲੋਕ ਭਲਾਈ ਦੇ ਕੰਮਾਂ ਲਈ ਮੋਹਰੀ ਜਾਣੇਂ ਜਾਂਦੇ ਗੁਰਦੁਆਰਾ ਸਿੰਘਾਂ ਸ਼ਹੀਦਾਂ ਡੇਰਾ ਸੰਤ ਜਰਨੈਲ ਸਿੰਘ ਨੰਗਲ ਬੇਟ ਨੇੜੇ ਆਲੋਵਾਲ ਦੇ ਮੁੱਖ ਪ੍ਰਬੰਧਕ ਸੰਤ ਸੁਖਵਿੰਦਰ ਸਿੰਘ ਜੀ ਅਤੇ ਸਰਪ੍ਰਸਤ ਸੰਤ ਜਰਨੈਲ ਸਿੰਘ ਜੀ ਵੱਲੋਂ ਨਗਰ ਕੀਰਤਨ ਵਿੱਚ ਸ਼ਾਮਲ ਸੰਗਤਾਂ ਨੂੰ ਦੁੱਧ ਅਤੇ ਮਿੱਠੇ ਚੌਲਾਂ ਦੇ ਲੰਗਰ ਲਾ ਕੇ ਸੇਵਾ ਕੀਤੀ ਗਈ ਅਤੇ ਨਗਰ ਕੀਰਤਨ ਵਿੱਚ ਸ਼ਾਮਲ ਪੰਜ ਪਿਆਰਿਆਂ ਤੇ ਹੋਰ ਪ੍ਰਬੰਧਕਾ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਤੇ ਨਗਰ ਕੀਰਤਨ ਦੇ ਪ੍ਰਬੰਧਕਾਂ ਵੱਲੋਂ ਸੰਤ ਸੁਖਵਿੰਦਰ ਸਿੰਘ ਜੀ ਅਤੇ ਸੰਤ ਜਰਨੈਲ ਸਿੰਘ ਜੀ ਨੂੰ ਸਰੋਪੋ ਦੇ ਕੇ ਸਨਮਾਨਿਤ ਕੀਤਾ ਗਿਆ, ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਸੰਤ ਸੁਖਵਿੰਦਰ ਸਿੰਘ ਨਾਲ ਨਗਰ ਕੀਰਤਨ ਸਬੰਧੀ ਮੁਕੰਮਲ ਜਾਣਕਾਰੀ ਪ੍ਰਾਪਤ ਕਰਨ ਤੋਂ ਉਪਰੰਤ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਦਿੱਤੀ, ਉਹਨਾਂ ਦੱਸਿਆ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਤੇ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਸਵੇਰੇ ਸਾਡੇ ਦਸ ਵਜੇ ਗੁਰਦੁਆਰਾ ਬਾਉਲੀ ਸਾਹਿਬ ਫਿਲੌਰ ਤੋਂ ਬੈਂਡ ਵਾਜਿਆਂ ਤੇ ਗਤਕਾ ਪਾਰਟੀਆਂ ਦੇ ਨਾਲ ਅਰੰਭ ਹੋਇਆ ਤੇ ਸ਼ਾਮ ਨੂੰ ਵਾਪਸ ਪਹੁੰਚ ਕੇ ਗੁਰੂ ਸਾਹਿਬ ਜੀ ਦੇ ਸ਼ੁਕਰਾਨੇ ਦੀ ਅਰਦਾਸ ਕੀਤੀ ਗਈ ਤੇ ਸੇਵਾ ਨਿਭਾਉਣ ਵਾਲੇ ਸੇਵਾਦਾਰਾਂ ਦਾ ਪ੍ਰਬੰਧਕਾ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ,ਇਸ ਮੌਕੇ ਤੇ ਬੋਲਦਿਆਂ ਸੰਤ ਸੁਖਵਿੰਦਰ ਸਿੰਘ ਜੀ ਨੇ ਕਿਹਾ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਧਰਮ ਤੋਂ ਆਪਣਾ ਸਭ ਕੁਝ ਨਿਛਾਵਰ ਕਰ ਦਿੱਤਾ ਉਨ੍ਹਾਂ ਕਿਹਾ ਅਗਰ ਸਿੱਖ ਕੌਮ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਕੀਤੇ ਪਰਉਪਕਾਰਾ ਦਾ ਸਾਰੀ ਉਮਰ ਕਰਜ਼ ਨਹੀਂ ਮੂੜ ਸਕਦੀ, ਪਰ ਅਗਰ ਕੋਈ ਗੁਰੂ ਸਾਹਿਬ ਜੀ ਦੀਆਂ ਬਖਸ਼ਿਸ਼ਾਂ ਦਾ ਪਾਤਰ ਬਣਨਾ ਚਾਹੇ ਤਾਂ ਨਿਰਵਿਘਨ ਗੁਰੂ ਦਾ ਨਿੱਤਨੇਮ ਸ਼ੁਰੂ ਕਰ ਦੇਵੇ ਤਾਂ ਜ਼ਨਮ ਸਫਲ ਹੋ ਸਕਦਾ ਹੈ, ਕਿਉਂਕਿ ਗੁਰੂ ਸਾਹਿਬ ਨੇ ਸਰਸਾ ਨਦੀ ਕਿਨਾਰੇ ਨਿੱਤਨੇਮ ਕੀਤਾ ਤੇ ਸਭ ਕੁਝ ਗਵਾਹ ਲਿਆ ਪਰ ਸਿੱਖਾਂ ਨੂੰ ਰੋਜ਼ ਦੇ ਨਿੱਤਨੇਮ ਨਾਲ ਜੋੜ ਦਿੱਤਾ,

ਆਵਾਜ਼ਿ ਕੌਮ AWAZE QAUM International Newspaper & WEB TV

### ਨੈਸ਼ਨਲ ਵੁਸ਼ੂ ਮੁਕਾਬਲਿਆਂ 'ਚ ਕਾਂਸੀ ਦਾ ਤਗਮਾ ਜਿੱਤ ਕੇ

# ਪਿੰਡ ਲਹਿਰੀ ਦੀ ਧੀ ਨੇ ਕੀਤਾ ਸੂਬੇ ਦਾ ਨਾਮ ਰੌਸ਼ਨ



**ਤਲਵੰਡੀ ਸਾਬੋ, 02 ਜਨਵਰੀ (ਗੁਰਜੰਟ ਸਿੰਘ ਨਥੇਹਾ)**- ਗੁਰੂ ਹਰਗੋਬਿੰਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਲਹਿਰੀ ਵਿਖੇ ਗਿਆਰਵੀਂ ਦੀ ਵਿਦਿਆਰਥਣ ਨੇ ਇੱਕ ਵਾਰ ਫਿਰ ਜਿੱਤ ਦੇ ਝੰਡੇ ਗੱਡ ਦਿੱਤੇ ਹਨ। ਪਿੰਡ ਲਹਿਰੀ ਦੇ ਸ. ਅਵਤਾਰ ਸਿੰਘ ਦੀ ਪੁੱਤਰੀ ਜਸ਼ਨਪ੍ਰੀਤ ਕੌਰ ਨੇ ਐਸੋਸੀਏਸ਼ਨ ਵੱਲੋਂ ਛੱਤੀਸ਼ਗੜ੍ਹ ਵਿਖੇ ਕਰਵਾਏ ਗਏ ਨੈਸ਼ਨਲ ਪੱਧਰੀ ਵੁਸ਼ੂ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਤੀਸਰੀ ਪੁਜ਼ੀਸ਼ਨ ਹਾਸਲ ਕਰਕੇ ਕਾਂਸੀ ਦਾ ਤਗਮਾ ਜਿੱਤਿਆ। ਇਸ ਉਪਲਬਧੀ ਨਾਲ ਉਸ ਨੇ ਨਾ ਸਿਰਫ਼ ਆਪਣੇ ਮਾਪਿਆਂ ਅਤੇ ਸਕੂਲ ਦਾ ਸਗੋਂ ਪੂਰੇ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ। ਨੈਸ਼ਨਲ ਪੱਧਰ ਦੇ ਇਨ੍ਹਾਂ ਮੁਕਾਬਲਿਆਂ ਵਿੱਚ ਦੇਸ਼ ਭਰ ਤੋਂ ਸੈਂਕੜੇ ਖਿਡਾਰੀਆਂ ਨੇ ਹਿੱਸਾ ਲਿਆ, ਜਿੱਥੇ ਕਠਿਨ ਮੁਕਾਬਲੇ ਦੇ ਬਾਵਜੂਦ ਜਸ਼ਨਪ੍ਰੀਤ ਕੌਰ ਨੇ ਆਪਣੀ ਮਿਹਨਤ, ਅਨੁਸ਼ਾਸਨ ਅਤੇ ਖੇਡ ਪ੍ਰਤੀ ਲਗਨ ਨਾਲ ਇਹ ਕਾਮਯਾਬੀ ਹਾਸਲ ਕੀਤੀ। ਉਸਦੀ ਇਸ ਸਫਲਤਾ 'ਤੇ ਪਿੰਡ ਲਹਿਰੀ ਸਮੇਤ ਆਸ-ਪਾਸ ਦੇ ਇਲਾਕਿਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਖਿਡਾਰਨ ਦੇ ਪਿੰਡ ਵਾਪਸੀ 'ਤੇ ਗ੍ਰਾਮ ਪੰਚਾਇਤ, ਯੂਥ ਕਲੱਬ, ਪਿੰਡ ਦੀਆਂ ਸਮਾਜਿਕ ਸੰਸਥਾਵਾਂ ਅਤੇ ਗੁਰੂ ਹਰਗੋਬਿੰਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਲਹਿਰੀ ਦੇ ਪ੍ਰਬੰਧਕਾਂ ਵੱਲੋਂ ਉਸਦਾ ਭਰਵਾਂ ਤੇ ਨਿੱਘਾ ਸਵਾਗਤ ਕੀਤਾ ਗਿਆ। ਬੱਸ ਸਟੈਂਡ ਤੋਂ ਲੈ ਕੇ ਘਰ ਤੱਕ ਢੋਲ ਵਜਾ ਕੇ, ਫੁੱਲਾਂ ਦੇ ਹਾਰ ਪਹਿਨਾ ਕੇ ਜਸ਼ਨਪ੍ਰੀਤ ਕੌਰ ਦੀ ਇਸ ਉਪਲਬਧੀ ਦਾ ਜਸ਼ਨ ਮਨਾਇਆ ਗਿਆ। ਪਿੰਡ ਵਾਸੀਆਂ ਨੇ ਮਿਠਿਆਈਆਂ ਵੰਡ ਕੇ ਆਪਣੀ ਖੁਸ਼ੀ ਜਾਹਿਰ ਕੀਤੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ. ਲਖਵਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਜਸ਼ਨਪ੍ਰੀਤ ਕੌਰ ਦੀ ਇਹ ਸਫਲਤਾ ਹੋਰ ਵਿਦਿਆਰਥੀਆਂ, ਖਾਸ ਕਰਕੇ ਧੀਆਂ ਲਈ ਪ੍ਰੇਰਣਾਸਰੋਤ ਹੈ। ਉਨ੍ਹਾਂ ਕਿਹਾ ਕਿ ਅੱਜ ਧੀਆਂ ਹਰ ਖੇਤਰ ਵਿੱਚ ਮਾਪਿਆਂ ਅਤੇ ਅਧਿਆਪਕਾਂ ਦਾ ਸਿਰ ਮਾਣ ਨਾਲ ਉੱਚਾ ਕਰ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਸਕੂਲ ਵੱਲੋਂ ਖੇਡਾਂ ਲਈ ਵਿਸ਼ੇਸ਼ ਸਹੂਲਤਾਂ ਅਤੇ ਕੋਚ ਦਾ ਪ੍ਰਬੰਧ ਕੀਤਾ ਜਾਂਦਾ ਹੈ, ਤਾਂ ਜੋ ਵਿਦਿਆਰਥੀ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਅੱਗੇ ਵਧ ਸਕਣ। ਇਸ ਮੌਕੇ ਸਕੂਲ ਪ੍ਰਬੰਧਕੀ ਕਮੇਟੀ ਪ੍ਰਧਾਨ ਸ੍ਰੀਮਤੀ ਜਸਵਿੰਦਰ ਕੌਰ ਸਿੱਧੂ ਅਤੇ ਸਕੱਤਰ ਸ਼੍ਰੀਮਤੀ ਪਰਮਜੀਤ ਕੌਰ ਨੇ ਜਸ਼ਨਪ੍ਰੀਤ ਕੌਰ ਦੇ ਮਾਪਿਆਂ ਦੀ ਵੀ ਸਰਾਹਨਾ ਕਰਦਿਆਂ ਕਿਹਾ ਕਿ ਪਰਿਵਾਰ ਦਾ ਸਹਿਯੋਗ ਖਿਡਾਰੀ ਦੀ ਸਫਲਤਾ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਉਨ੍ਹਾਂ ਕੋਚ ਅਤੇ ਸਕੂਲ ਸਟਾਫ ਨੂੰ ਵੀ ਵਧਾਈ ਦਿੱਤੀ, ਜਿਨ੍ਹਾਂ ਦੀ ਮਿਹਨਤ ਨਾਲ ਅਜਿਹੇ ਨਤੀਜੇ ਸਾਹਮਣੇ ਆ ਰਹੇ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਵੀ ਸਕੂਲ ਵੱਲੋਂ ਜਸ਼ਨਪ੍ਰੀਤ ਕੌਰ ਨੂੰ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ, ਤਾਂ ਜੋ ਉਹ ਅੰਤਰਰਾਸ਼ਟਰੀ ਪੱਧਰ 'ਤੇ ਵੀ ਦੇਸ਼ ਦਾ ਨਾਮ ਰੌਸ਼ਨ ਕਰ ਸਕੇ। ਇਸ ਮੌਕੇ ਗ੍ਰਾਮ ਪੰਚਾਇਤ ਦੇ ਸਰਪੰਚ ਹਰਮੰਦਰ ਸਾਹਿਬ, ਮੈਂਬਰਾਂ ਅਤੇ ਕਲੱਬ ਦੇ ਆਗੂਆਂ ਨੇ ਵੀ ਜਸ਼ਨਪ੍ਰੀਤ ਕੌਰ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਪਿੰਡ ਦੀ ਧੀ ਨੇ ਸਾਬਤ ਕਰ ਦਿੱਤਾ ਹੈ ਕਿ ਮਿਹਨਤ ਅਤੇ ਲਗਨ ਨਾਲ ਹਰ ਮੰਜ਼ਿਲ ਹਾਸਲ ਕੀਤੀ ਜਾ ਸਕਦੀ ਹੈ। ਪਿੰਡ ਵਾਸੀਆਂ ਨੇ ਉਸਦੇ ਚੰਗੇ ਭਵਿੱਖ ਅਤੇ ਹੋਰ ਵੱਡੀਆਂ ਕਾਮਯਾਬੀਆਂ ਲਈ ਦਿਲੋਂ ਸ਼ੁਭਕਾਮਨਾਵਾਂ ਦਿੱਤੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

# ਪਾਬੰਦੀ ਦੇ ਬਾਵਜੂਦ ਲੋਹੜੀ ਦਾ ਤਿਉਹਾਰ ਨਜਦੀਕ ਆਉਣ ਤੇ ਚਾਈਨਾ ਡੋਰ ਨਾਲ ਉਡ ਰਹੀ ਪਤੰਗ

## ਪ੍ਰਸ਼ਾਸਨ ਚਾਈਨਾ ਡੋਰ ਬੰਦ ਕਰਾਉਣ ਵਿੱਚ ਹੋਇਆ ਫੇਲ੍ਹ 6 ਸੌ ਤੋਂ 9 ਸੌ ਰੁਪਏ ਦਾ ਵਿਕ ਰਿਹਾ ਗੱਟੂ



ਜੰਡਿਆਲਾ ਗੁਰੂ , 2 ਜਨਵਰੀ ( ਕੁਲਵੰਤ ਸਿੰਘ ਵਿਰਦੀ ). ਪ੍ਰਸ਼ਾਸਨ ਵੱਲੋਂ ਹਰ ਸਾਲ ਵੱਡੇ ਵੱਡੇ ਦਾਅਵਿਆਂ ਨਾਲ ਆਮ ਲੋਕਾਂ ਨੂੰ ਜਾਗਦੇ ਹੋਣ ਦਾ ਸਬੂਤ ਦਿੱਤਾ ਜਾਂਦਾ ਹੈ ਅਤੇ ਚਾਈਨਾ ਡੋਰ ਤੇ ਪੂਰਨ ਪਾਬੰਦੀ ਲਗਾਈ ਗਈ ਹੈ ਲੇਕਿਨ ਹਕੀਕਤ ਵਿਚ ਚਾਈਨਾ ਡੋਰ ਦੀ ਵਿਕਰੀ ਜੋਰਾਂ ਨਾਲ ਹੋ ਰਹੀ ਹੈ ਕਿਓਕਿ ਜਿਉਂ ਜਿਉਂ ਹੀ ਲੋਹੜੀ ਦਾ ਤਿਉਹਾਰ ਨੇੜੇ ਆਉਂਦਾ ਜਾਂਦਾ ਹੈ ਹਰ ਬੱਚੇ ਦੇ ਹੱਥ ਵਿੱਚ ਪਿੰਡਾਂ ਦੇ ਹਾਲਾਤ ਅਨੁਸਾਰ ਚਾਈਨਾ ਡੋਰ ਹੀ ਨਜ਼ਰ ਆ ਰਹੀ ਹੈ ਅਕਸਰ ਇਹ ਸਰਕਾਰ ਪ੍ਰਸ਼ਾਸਨ ਦੇ ਕੀਤੇ ਦਾਅਵਿਆਂ ਦੀ ਫੂਕ ਨਿਕਲਦੀ ਵੇਖੀ ਜਾ ਸਕਦੀ ਹੈ। ਚਾਈਨਾ ਡੋਰ ਜੋ ਕਿ ਸਰਕਾਰ ਵੱਲੋਂ ਬੈਨ ਹੈ,ਪਰ ਹੈਰਾਨੀ ਦੀ ਗੱਲ ਹੈ ਕਿ ਸਰਕਾਰ ਵੱਲੋਂ ਚਾਈਨਾ ਡੋਰ ਬੈਨ ਹੋਣ ਦੇ ਬਾਵਜੂਦ ਵੀ ਕਿੱਥੋਂ ਆ ਰਹੀ ਹੈ ਇੱਕ ਸਵਾਲੀਆ ਨਿਸ਼ਾਨ ਹੀ ਬਣ ਕੇ ਰਹਿ ਚੁੱਕੀ ਹੈ। ਹਰ ਸਾਲ ਲੋਕਾਂ ਨੂੰ ਪ੍ਰਸ਼ਾਸਨ ਵੱਲੋਂ ਛੱਡੇ ਆਪਣੇ ਡ੍ਰੋਨ,ਰਾਹੀਂ ਚਾਈਨਾ ਡੋਰ ਫੜਨ ਦਾ ਡਰ ਪਾਇਆ ਜਾਂਦਾ ਹੈ ਪਰ ਗ੍ਰਿਫਤਾਰੀ ਕੋਈ ਵੀ ਹੁੰਦੀ ਨਹੀਂ ਵੇਖੀ ਡਰੋਨ ਛੱਡਣ ਨਾਲੋਂ ਪ੍ਰਸ਼ਾਸਨ ਅਧਿਕਾਰੀਆਂ ਨੂੰ ਚਾਹੀਦਾ ਹੈ ਕਿ ਗਰਾਊਂਡ ਲੈਵਲ ਤੇ ਆਣ ਕੇ ਚੈੱਕ ਕਰਨ ਅਤੇ ਜੋ ਵੀ ਚਾਈਨਾ ਡੋਰ ਨਾਲ ਗੁੱਡੀ ਉਡਾਉਂਦਾ ਪਾਇਆ ਗਿਆ ਉਸ ਤੇ ਕਾਰਵਾਈ ਕਰਨ ।ਬੰਦੇ ਮਾਰੂ ਡੋਰ ਜੋ ਕਿ ਹਰ ਸਾਲ ਹੀ ਇਸ ਡੋਰ ਦੀ ਵਜਾ ਕਰਕੇ ਬਹੁਤ ਲੋਕਾਂ ਦੀ ਜਾਨ ਵੀ ਗਈ,ਕਈ ਲੋਕ ਜਖਮੀ ਵੀ ਹੋਏ, ਪਰ ਹਾਲਾਤ ਜਿਉਂ ਦੇ ਤਿਉਂ ਹੀ ਰਹੇ। ਜਿੱਥੇ ਚਾਈਨਾ ਡੋਰ ਨੇ ਲੋਕਾਂ ਦੀ ਜਾਨ ਮਾਲ ਦਾ ਨੁਕਸਾਨ ਕੀਤਾ ਉੱਥੇ ਲੋਕਾਂ ਦਾ ਧਾਗੇ ਵਾਲੀ ਡੋਰ ਦਾ ਕੰਮ ਕਰਨ ਵਾਲੇ ਲੋਕਾਂ ਦਾ ਕਾਰੋਬਾਰ ਵੀ ਠੱਪ ਹੋ ਕੇ ਰਹਿ ਗਿਆ ਅਤੇ ਰੋਜੀ ਰੋਟੀ ਤੋਂ ਆਥਰ ਹੋ ਕੇ ਰਹਿ ਗਏ। ਜਿੱਥੇ ਇਹ ਸਿੰਥੈਟਿਕ ਡੋਰ ਇਨਸਾਨਾਂ ਵਾਸਤੇ ਖਤਰਨਾਕ ਸਾਬਿਤ ਹੋ ਰਹੀ ਹੈ ਉੱਥੇ ਹੀ ਜਾਨਵਰਾਂ ਉਤੇ ਵੀ ਬਿਪਤਾ ਬਣੀ ਹੋਈ ਹੈ ।ਪਤਾ ਨਹੀਂ ਕਿੰਨੇ ਹੀ ਜਾਨਵਰ ਵੀ ਇਸ ਬੰਦੇ ਮਾਰੂ ਡੋਰ ਦੀ ਭੇਂਟ ਚੜ੍ਹੇ ਹਨ ਸੋ ਪ੍ਰਸ਼ਾਸਨ ਚਾਹੀਦਾ ਹੈ ਕਿ ਜਿੱਥੇ ਚਾਈਨਾ ਡੋਰ ਨੂੰ ਬੰਦ ਕਰਾਉਣ ਦੇ ਵੱਡੇ ਵੱਡੇ ਦਾਅਵੇ ਕੀਤੇ ਜਾਂਦੇ ਹਨ ਉਥੇ ਹੀ ਆਪਣੇ ਅਸਮਾਨੀ ਡਰੋਨਾਂ ਨੂੰ ਛੱਡ ਕੇ ਜ਼ਮੀਨੀ ਪੱਧਰ ਤੇ ਸਖ਼ਤਾਈ ਕੀਤੀ ਜਾਵੇ ਤਾਂ ਜ਼ੋ ਇਨਸਾਨਾਂ ਦੀਆਂ ਕੀਮਤੀ ਜਾਨਾਂ ਬਚ ਸਕਣ ਅਤੇ ਜਾਨਵਰ ਵੀ ਸੁਖ ਦਾ ਸਾਹ ਲੈ ਸਕਣ ਸੋ ਚਾਈਨਾ ਡੋਰ ਬੰਦ ਕਰਾਉਣ ਦੀ ਗੱਲ ਤਾਂ ਦੂਰ ਜੰਡਿਆਲਾ ਗੁਰੂ ਦੇ ਆਸਪਾਸ ਦੇ ਏਰੀਏ ਵਿੱਚ ਅਜੇ ਤੱਕ ਕੋਈ ਵੀ ਪੁਲਿਸ ਦੀ ਨਫ਼ਰੀ ਚਾਈਨਾ ਡੋਰ ਵਿਕਰੇਤਾ ਵਿਰੁੱਧ ਰੇਡ ਕਰਦੀ ਨਹੀ ਵੇਖੀ ਗਈ ਪਿੰਡਾਂ ਵਿੱਚ ਧੜੱਲੇ ਨਾਲ ਵਿਕ ਰਹੀ ਚਾਈਨਾ ਡੋਰ ਪਰ ਪ੍ਰਸ਼ਾਸਨ ਬੇਫ਼ਿਕਰ ਹੈ। ਪੁਲਿਸ ਪ੍ਰਸ਼ਾਸਨ ਉਦੋਂ ਤੱਕ ਹਰਕਤ ਵਿੱਚ ਨਹੀਂ ਆਵੇਗਾ ਜਦੋਂ ਤੱਕ ਕੋਈ ਅਣਸੁਖਾਵੀਂ ਘਟਨਾ ਨਹੀ ਵਾਪਰਦੀ ।ਬੰਦੇ ਮਾਰੂ ਸਿੰਥੈਟਿਕ ਡੋਰ ਬੰਦ ਕੀ ਕਰਾਉਣਾ ਸਗੋ ਪਿੰਡਾਂ ਵਿੱਚ ਸੂਤਰਾਂ ਮੁਤਾਬਕ 700 ਤੋਂ 900 ਰੁਪਏ ਤਕ ਕਿਲੋ ਦੇ ਹਿਸਾਬ ਨਾਲ ਵਿੱਕ ਰਹੀ ਹੈ। ਹੁਣ ਵੇਖਣਾਂ ਇਹ ਹੋਵੇਗਾ ਕਿ ਕੀ ਪ੍ਰਸ਼ਾਸਨ ਚਾਈਨਾ ਡੋਰ ਦੇ ਵਿਕਰੇਤਾ ਤੇ ਕੋਈ ਕਾਰਵਾਈ ਕਰਨਗੇ ਜਾਂ ਉਹਨਾਂ ਤੇ ਮਿਹਰਬਾਨ ਹੋਣਗੇ

ਆਵਾਜ਼ਿ ਕੌਮ AWAZE QAUM International Newspaper & WEB TV

# ਸੱਚ ਦੇ ਪਹਿਰੇਦਾਰਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਚਟਾਨ ਵਾਂਗ ਖੜ੍ਹੇ ਹਾਂ-ਕਮਲ ਧਾਲੀਵਾਲ

ਸੰਗਾਲਾ/ਧੂਰੀ (ਰਣਜੀਤ ਸਿੰਘ ਪੇਧਨੀ / ਬਿੰਨੀ ਗਰਗ) ਚੰਗੇ ਪੱਤਰਕਾਰਾਂ ਵੱਲੋਂ ਆਮ ਆਦਮੀ ਪਾਰਟੀ' ਦੇ ਉਸ ਦੋਗਲੇ ਚਿਹਰੇ ਨੂੰ ਜਗ-ਜ਼ਾਹਰ ਕਰਨ ਨਾਲ ਪੱਤਰਕਾਰਾਂ 'ਤੇ ਪਰਚੇ ਦਰਜ ਕੀਤੇ ਜਾ ਰਹੇ ਹਨ ।ਜਿਹੜੀ ਪਾਰਟੀ ਸੱਤਾ ਦੀ ਦਹਿਲੀਜ਼ ਪਾਰ ਕਰਨ ਤੋਂ ਪਹਿਲਾਂ ਪ੍ਰੈੱਸ ਦੀ ਆਜ਼ਾਦੀ ਦੇ ਸੋਹਲੇ ਗਾਉਂਦੀ ਨਹੀਂ ਸੀ ਥੱਕਦੀ।



ਆਵਾਜ਼ਿ ਕੌਮ AWAZE QAUM International Newspaper & WEB TV

ਅੱਜ ਜਦੋਂ ਸਰਕਾਰ ਦੀਆਂ ਨਾਕਾਮੀਆਂ ਅਤੇ ਸਾਧਨਾਂ ਦੀ ਦੁਰਵਰਤੋਂ 'ਤੇ ਸਵਾਲ ਉੱਠ ਰਹੇ ਹਨ, ਤਾਂ ਇਹ ਸਰਕਾਰ ਸੰਵਿਧਾਨਕ ਹੱਕਾਂ ਨੂੰ ਕੁਚਲਣ ਦੇ ਰਾਹ ਪੈ ਗਈ ਹੈ ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਹਲਕਾ ਅਮਰਗੜ੍ਹ ਦੇ ਉੱਘੇ ਸਮਾਜ ਸੇਵੀ ਕਮਲ ਧਾਲੀਵਾਲ ਨੇ ਕੀਤਾ। ਉਨ੍ਹਾਂ ਕਿਹਾ ਕਿ ਇੱਕ ਪਾਸੇ ਤਾਂ ਮੁੱਖ ਮੰਤਰੀ ਲੀਡਰਾਂ ਨੂੰ ਸਵਾਲ ਪੁੱਛਣ ਬਾਰੇ ਆਮ ਲੋਕਾਂ ਨੂੰ ਜਾਗਰੂਕ ਕਰਦੇ ਹਨ ਅਤੇ ਦੂਸਰੇ ਪਾਸੇ ਸਵਾਲ ਜਵਾਬ ਕਰਨ ਤੇ ਉਹਨਾਂ ਉੱਤੇ ਪਰਚੇ ਦਰਜ ਕਰਨ ਦਾ ਵੀ ਇਤਿਹਾਸ ਬਣਾ ਰਹੇ ਹਨ। ਉਨ੍ਹਾਂ ਕਿਹਾ ਕਿ ਸਵਾਲ ਪੁੱਛਣਾ ਕਿਸੇ ਵੀ ਜਿਊਂਦੇ-ਜਾਗਦੇ ਸਮਾਜ ਦਾ ਮੁਢਲਾ ਹੱਕ ਹੈ। ਅਸੀਂ ਇਸ ਸਰਕਾਰੀ ਧੱਕੇਸ਼ਾਹੀ ਅਤੇ ਅਣਐਲਾਨੀ ਐਮਰਜੈਂਸੀ ਵਿਰੁੱਧ ਨਾ ਸਿਰਫ਼ ਆਵਾਜ਼ ਬੁਲੰਦ ਕਰਦੇ ਹਾਂ, ਸਗੋਂ ਇਨ੍ਹਾਂ ਸੱਚ ਦੇ ਪਹਿਰੇਦਾਰਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਚਟਾਨ ਵਾਂਗ ਖੜ੍ਹੇ ਹਾਂ।

# ਅਲਿਮਕੋ ਦੀ ਸਹਾਇਤਾ ਨਾਲ ਦਿਵਿਆਂਗਜਨਾਂ ਨੂੰ 5 ਜਨਵਰੀ ਨੂੰ ਕਰਮਪੁਰਾ ਅਤੇ 6 ਜਨਵਰੀ ਨੂੰ ਮਾਨਾਂਵਾਲਾ ਵਿਖੇ ਵੰਡੇ ਜਾਣਗੇ ਸਹਾਇਕ ਉਪਕਰਨ - ਐਸ.ਡੀ.ਐਮ.



**ਜੰਡਿਆਲਾ ਗੁਰੂ, 2 ਜਨਵਰੀ( ਕੁਲਵੰਤ ਸਿੰਘ ਵਿਰਦੀ )**-ਅਲਿਮਕੋ ਵਲੋਂ ਜਿਲ੍ਹਾ ਪ੍ਰਸਾਸ਼ਨ ਦੀ ਸਹਾਇਤਾ ਨਾਲ ਦਿਵਿਆਂਗਜਨਾਂ ਅਤੇ ਬਜ਼ੁਰਗ ਨਾਗਰਿਕਾਂ ਦੀ ਭਲਾਈ ਲਈ ਮੈਡੀਕਲ ਅਸੈਸਮੈਂਟ ਕੈਂਪ ਪਿਛਲੇ ਸਾਲ ਵੱਖ-ਵੱਖ ਥਾਵਾਂ ਤੇ ਲਗਾਏ ਗਏ ਸਨ। ਉਸ ਸਮੇਂ ਦੌਰਾਨ ਜਿਨਾਂ ਦਿਵਿਆਂਗਜਨਾਂ ਦੀ ਮੈਡੀਕਲ ਅਸੈਸਮੈਂਟ ਕੀਤੀ ਗਈ ਸੀ ਉਹਨਾਂ ਨੂੰ ਹੁਣ ਸਹਾਇਕ ਉਪਕਰਨਾਂ ਦੀ ਵੰਡ ਕੀਤੀ ਜਾਵੇਗੀ। ਇਸ ਸਬੰਧੀ ਅਧਿਕਾਰੀਆਂ ਨਾਲ ਵਰਚੁਐਲ ਮੀਟਿੰਗ ਕਰਦੇ ਹੋਏ ਐਸ.ਡੀ.ਐਮ. ਸ: ਅਮਨਪ੍ਰੀਤ ਸਿੰਘ ਨੇ ਦੱਸਿਆ ਕਿ 5 ਜਨਵਰੀ ਨੂੰ ਸਰਕਾਰੀ ਪਹਿਲ ਸਕੂਲ ਰਿਸੋਰਸ ਸੈਟਰ ਕਰਮਪੁਰਾ, 6 ਜਨਵਰੀ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ ਵਿਖੇ ਅਸੈਸਮੈਂਟ ਕੈਂਪ ਧਾਰਕਾਂ ਨੂੰ ਸਹਾਇਕ ਉਪਕਰਨ ਵੰਡੇ ਜਾਣਗੇ। ਉਨਾਂ ਦਿਵਿਆਂਗਜਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਇਨਾਂ ਕੈਂਪਾਂ ਵਿੱਚ ਜ਼ਰੂਰ ਪੁੱਜਣ ਅਤੇ ਆਪੋ ਆਪਣੇ ਸਹਾਇਕ ਉਪਰਕਨ ਪ੍ਰਾਪਤ ਕਰਨ। ਐਸ.ਡੀ.ਐਮ. ਨੇ ਦੱਸਿਆ ਕਿ ਇਸ ਸਬੰਧੀ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਤਾਂ ਜੋ ਦਿਵਿਆਂਗਾ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ ।

ਆਵਾਜ਼ਿ ਕੌਮ AWAZE QAUM International Newspaper & WEB TV

## ਪਿੰਡ ਨਥੇਹਾ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ

# ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਗਿਆ









**ਤਲਵੰਡੀ ਸਾਬੋ, 02 ਜਨਵਰੀ (ਗੁਰਜੰਟ ਸਿੰਘ ਨਥੇਹਾ)**- ਪਿੰਡ ਨਥੇਹਾ ਵਿਖੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮਾਂ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਵਿਸ਼ਾਲ ਨਗਰ ਕੀਰਤਨ ਸ਼ਰਧਾ ਅਤੇ ਉਤਸ਼ਾਹ ਨਾਲ ਸਜਾਇਆ ਗਿਆ। ਨਗਰ ਕੀਰਤਨ ਪਿੰਡ ਦੇ ਵੱਖ ਵੱਖ ਪੜਾਵਾਂ ਵਿੱਚੋਂ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਤੱਕ ਪੁੱਜਾ, ਜਿੱਥੇ ਸੰਗਤ ਵੱਲੋਂ ਥਾਂ-ਥਾਂ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਗਿਆ ਉੱਥੇ ਪੰਜ ਪਿਆਰਿਆਂ ਦਾ ਸਿਰੋਪਾਓ ਨਾਲ ਸਨਮਾਨ ਹੋਇਆ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਮਦਮਾ ਸਾਹਿਬ ਦੇ ਢਾਡੀ ਜੱਥੇ ਵੱਲੋਂ ਢਾਡੀ ਵਾਰਾਂ ਦਾ ਮਨਮੋਹਕ ਗਾਇਨ ਕਰਕੇ ਸੰਗਤ ਨੂੰ ਗੁਰੂ ਇਤਿਹਾਸ ਨਾਲ ਜੋੜਿਆ ਗਿਆ, ਜਦਕਿ ਵੱਖ-ਵੱਖ ਕੀਰਤਨੀ ਜਥਿਆਂ ਨੇ ਸ਼ਬਦ ਕੀਰਤਨ ਕਰਕੇ ਧਾਰਮਿਕ ਮਾਹੌਲ ਨੂੰ ਹੋਰ ਵੀ ਰਸਭਿੰਨਾ ਬਣਾ ਦਿੱਤਾ। ਇਸ ਮੌਕੇ ਹੈਡ ਗ੍ਰੰਥੀ ਭਾਈ ਭਰਪੂਰ ਸਿੰਘ ਅਤੇ ਜਰਨੈਲ ਸਿੰਘ ਮਿੱਠੂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਹਾਦਤ, ਬਲਿਦਾਨ ਅਤੇ ਖ਼ਾਲਸਾ ਪੰਥ ਦੀ ਮਹਾਨ ਪਰੰਪਰਾ ਬਾਰੇ ਪ੍ਰਚਾਰ ਕੀਤਾ ਗਿਆ। ਨਗਰ ਕੀਰਤਨ ਦੌਰਾਨ ਵੱਖ-ਵੱਖ ਪੜਾਵਾਂ 'ਤੇ ਸੰਗਤ ਦੀ ਸੇਵਾ ਲਈ ਚਾਹ, ਦੁੱਧ, ਮਿੱਠੇ ਪਦਾਰਥਾਂ ਅਤੇ ਲੰਗਰ ਦੀ ਵਿਵਸਥਾ ਕੀਤੀ ਗਈ। ਸਮੂਹ ਪਿੰਡ ਵਾਸੀਆਂ ਅਤੇ ਸੇਵਾਦਾਰਾਂ ਦੇ ਸਹਿਯੋਗ ਨਾਲ ਇਹ ਧਾਰਮਿਕ ਸਮਾਗਮ ਸੁਚੱਜੇ ਢੰਗ ਨਾਲ ਸੰਪੰਨ ਹੋਇਆ। ਅੰਤ ਵਿੱਚ ਅਰਦਾਸ ਉਪਰਾਂਤ ਗੁਰੂ ਕਾ ਲੰਗਰ ਵਰਤਾਇਆ ਗਿਆ ਅਤੇ ਸੰਗਤ ਨੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰਦਿਆਂ ਆਪਸੀ ਭਾਈਚਾਰੇ ਅਤੇ ਸੇਵਾ ਭਾਵਨਾ ਦਾ ਪ੍ਰਗਟਾਵਾ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

# 328 ਸਰੂਪਾਂ ਦੇ ਮਾਮਲੇ ਵਿਚ ਬਾਕੀ ਦੋਸ਼ੀਆਂ ਨੂੰ ਵੀ ਜਲਦੀ ਕੀਤਾ ਜਾਵੇ ਗ੍ਰਿਫਤਾਰ: ਲਖਮੀਰ ਸਿੰਘ ਮਹਾਲਮ



**ਫਿਰੋਜ਼ਪੁਰ 2 ਜਨਵਰੀ (ਮਨੋਹਰ ਲਾਲ)**-ਭਾਈ ਲਖਮੀਰ ਸਿੰਘ ਮਹਾਲਮ (ਪ੍ਰਧਾਨ ਸ੍ਰੀ ਗੁਰੂ ਗੋਬਿੰਦ ਸਿੰਘ ਕਮੇਟੀ ਪੰਜਾਬ) ਨੇ ਅੱਜ ਪ੍ਰੈਸ ਵਿਚ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਅਸੀਂ ਧੰਨ ਧੰਨ ਸ੍ਰੀ ਰਾਮ ਦਾਸ ਗੁਰੂ ਦਾ ਬਹੁਤ ਬਹੁਤ ਸ਼ੁਕਰ ਧੰਨਵਾਦ ਕਰਦੇ ਹਾਂ ਜੋ ਕਿ ਗੁਰੂ ਦੀ ਕ੍ਰਿਪਾ ਨਾਲ 328 ਸਰੂਪਾਂ ਦੇ ਮਾਮਲੇ ਵਿਚ ਕਾਰਵਾਈ ਹੋਈ ਹੈ। ਮਹਾਲਮ ਸਾਹਿਬ ਨੇ ਦੱਸਿਆ ਕਿ ਜਦੋਂ 2020 ਵਿਚ ਉਨ੍ਹਾਂ ਨੇ 328 ਸਰੂਪਾਂ ਦੇ ਮਾਮਲੇ ਵਿਚ ਮੋਰਚਾ ਲਾਇਆ ਸੀ ਤਾਂ ਸ਼੍ਰੋਮਣੀ ਪ੍ਰਬੰਧਕ ਕਮੇਟੀ ਨੇ ਆਪਣੀ ਬਣਾਈ ਹੋਈ ਟਾਸਕ ਫੋਰਸ ਤੋਂ ਸ਼ਾਂਤਮਈ ਰੋਸ ਧਰਨੇ ਵਿਚ ਬੈਠੇ ਸਤਿਕਾਰ ਕਮੇਟੀਆਂ ਦੇ ਸਿੰਘਾਂ ਅਤੇ ਬੀਬੀਆਂ ਤੇ ਬਹੁਤ ਤਸੱਦਦ ਕੀਤਾ। ਲੱਤਾਂ, ਬਾਹਵਾਂ ਤੋੜੀਆਂ, ਕੇਸਾਂ ਅਤੇ ਕਕਾਰਾਂ ਦੀ ਬੇਅਦਬੀ ਕੀਤੀ। ਬੀਬੀਆਂ ਤੇ ਵੀ ਬਹੁਤ ਜ਼ੁਲਮ ਕੀਤਾ। ਫਿਰ ਉਸ ਤੋਂ ਬਾਅਦ ਵਿਚ ਬਲਦੇਵ ਸਿੰਘ ਵਡਾਲਾ ਨੇ ਮੋਚਾ ਲਾਇਆ ਜਿਸ ਵਿਚ ਸਾਰੀਆਂ ਸਤਿਕਾਰ ਕਮੇਟੀਆਂ ਦਾ ਸਹਿਯੋਗ ਨਾਲਡ ਸੀ ਅਤੇ ਹੁਣ ਲਗਭਗ ਪੰਜ ਸਾਲ ਦੇ ਬਾਅਦ ਉਨ੍ਹਾਂ ਦੋਸ਼ੀਆਂ ਉਪਰ ਪਰਚਾ ਦਰਜ ਹੋ ਗਿਆ ਹੈ। ਜਿਸ ਵਿਚ ਸਤਿੰਦਰ ਸਿੰਘ ਕੋਹਲੀ ਜੋ ਕਿ ਸੁਖਬੀਰ ਸਿੰਘ ਬਾਦਲ ਦਾ ਬਹੁਫਤ ਕਰੀਬੀ ਦੱਸਿਆ ਜਾ ਰਿਹਾ ਹੈ ਅਤੇ ਸ੍ਰੋਮਣੀ ਕਮੇਟੀ ਦਾ ਚਾਰਟਰ ਅਕਾਊਂਟ ਸੀ ਤੇ ਆਡਿਟ ਦਾ ਕੰਮ ਵੀ ਦੇਖਦਾ ਸੀ, ਦੀ ਗ੍ਰਿਫਤਾਰੀ ਹੋਈ ਹੈ। ਪ੍ਰਧਾਨ ਨੇ ਕਿਹਾ ਕਿ ਜਿਸ ਤਰ੍ਹਾਂ ਇਸ ਦੋਸ਼ੀ ਦੀ ਗ੍ਰਿਫਤਾਰੀ ਹੋਈ ਜਲਦੀ ਤੋਂ ਜਲਦੀ ਬਾਕੀ ਪੰਦਰਾਂ ਦੋਸ਼ੀਆਂ ਨੂੰ ਵੀ ਗ੍ਰਿਫਤਾਰ ਕਰਕੇ ਸਖਤੀ ਨਾਲ ਜਾਂਚ ਹੋਵੇ ਤਾਂ ਜੋ ਹੋਰ ਵੱਡੇ ਚਿਹਰੇ ਵੀ ਸਾਹਮਣੇ ਆ ਸਕਣ ਕਿ ਇਹ ਸਰੂਪ ਕਿੱਥੇ ਅਤੇ ਕਿੰਨਾਂ ਦੇ ਕਹਿਣ ਤੇ ਭੇਜੇ ਗਏ। ਜਿਥੇ ਮਹਾਲਮ ਨੇ ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਜੀ ਦਾ ਸ਼ੁਕਰਾਨਾ ਕੀਤਾ, ਉਥੇ ਪੰਜਾਬ ਸਰਕਾਰ ਦਾ ਧੰਨਵਾਦ ਵੀ ਕੀਤਾ ਅਤੇ ਅਪੀਲ ਕੀਤੀ ਕਿ ਜਲਦੀ ਹੀ ਦੂਸਰੇ ਦੋਸ਼ੀ ਵੀ ਗ੍ਰਿਫਤਾਰ ਕੀਤੇ ਜਾਣ। ਉਨ੍ਹਾਂ ਨੇ ਪੂਰੀ ਸਿੱਖ ਕੌਮ ਅਤੇ ਇਨਸਾਫ ਪਸੰਦ ਲੋਕਾਂ ਨੂੰ ਅਪੀਲ ਕੀਤੀ ਕਿ ਆਪਾਂ ਸਾਰੇ ਰਲ ਕੇ 328 ਸਰੂਪਾਂ ਦੇ ਮਾਮਲੇ ਵਿਚ ਸਰਕਾਰ ਦਾ ਸਾਥ ਦਈਏ ਤਾਂ ਜੋ ਆਪਾਂ ਨੂੰ 328 ਸਰੂਪਾਂ ਦਾ ਇਨਸਾਫ ਮਿਲ ਸਕੇ। ਇਸ ਮੌਕੇ ਤੇ ਸੰਤੋਖ ਸਿੰਘ ਬੱਗੇ ਕੇ ਪਿੱਪਲ ਜ਼ਿਲ੍ਹਾ ਪ੍ਰਧਾਨ, ਬਲਕਾਰ ਸਿੰਘ ਫਿਰੋਜ਼ਪੁਰ, ਜਗਤਾਰ ਸਿੰਘ ਮਹਾਲਮ, ਭਗਵਾਨ ਸਿੰਘ ਮਹਾਲਮ, ਸੁਖਦੇਵ ਸਿੰਘ ਸਰਪੰਚ ਅਤੇ ਸਿੰਘ ਸਾਹਿਬ ਹਾਜ਼ਰ ਸਨ।

# ਬੰਗਲਾਦੇਸ਼ ਸਰਕਾਰ ਨੂੰ ਹਿੰਦੂਆਂ 'ਤੇ ਹਮਲਿਆਂ ਨੂੰ ਰੋਕਣ ਲਈ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ - ਪੰਮਾ

## ਨੈਸ਼ਨਲ ਅਕਾਲੀ ਦਲ ਬੰਗਲਾਦੇਸ਼ ਸਰਕਾਰ ਵਿਰੁੱਧ ਕਰੇਗਾ ਵਿਰੋਧ ਪ੍ਰਦਰਸ਼ਨ



ਨਵੀਂ ਦਿੱਲੀ 2 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):- ਬੰਗਲਾਦੇਸ਼ ਵਿੱਚ ਹਿੰਦੂਆਂ 'ਤੇ ਹਮਲੇ ਲਗਾਤਾਰ ਵੱਧ ਰਹੇ ਹਨ। ਨੈਸ਼ਨਲ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਪੰਮਾ ਨੇ ਇਸ ਮੁੱਦੇ 'ਤੇ ਗੁੱਸਾ ਪ੍ਰਗਟ ਕੀਤਾ ਅਤੇ ਕਿਹਾ ਕਿ ਬੰਗਲਾਦੇਸ਼ ਸਰਕਾਰ ਘੱਟ ਗਿਣਤੀਆਂ ਅਤੇ ਹਿੰਦੂਆਂ 'ਤੇ ਹਮਲਿਆਂ ਨੂੰ ਰੋਕਣ ਵਿੱਚ ਅਸਫਲ ਰਹੀ ਹੈ, ਜਿਸ ਕਾਰਨ ਅਜਿਹੀਆਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ। ਇੱਕ ਵਾਰ ਫਿਰ, ਨਫ਼ਰਤ ਨੇ ਜਾਨਲੇਵਾ ਮੋੜ ਲੈ ਲਿਆ ਹੈ। ਸ਼ਰੀਅਤਪੁਰ ਖੇਤਰ ਵਿੱਚ, ਖੋਕਨ ਚੰਦਰ ਨਾਮ ਦੇ ਇੱਕ ਹਿੰਦੂ ਵਿਅਕਤੀ ਨੂੰ ਭੀੜ ਨੇ ਘੇਰ ਲਿਆ। ਉਸਨੂੰ ਪਹਿਲਾਂ ਬੇਰਹਿਮੀ ਨਾਲ ਕੁੱਟਿਆ ਗਿਆ, ਫਿਰ ਚਾਕੂ ਮਾਰਿਆ ਗਿਆ ਉਪਰੰਤ ਉਸ 'ਤੇ ਪੈਟਰੋਲ ਪਾ ਕੇ ਜ਼ਿੰਦਾ ਸਾੜਨ ਦੀ ਕੋਸ਼ਿਸ਼ ਕੀਤੀ ਗਈ। ਇਸ ਤੋਂ ਪਤਾ ਲੱਗਦਾ ਹੈ ਕਿ ਉੱਥੇ ਦੇ ਲੋਕਾਂ ਨੇ ਕਾਨੂੰਨ ਦਾ ਡਰ ਗੁਆ ਦਿੱਤਾ ਹੈ ਅਤੇ ਉਹ ਹਰ ਰੋਜ਼ ਘੱਟ ਗਿਣਤੀਆਂ 'ਤੇ ਹਮਲਾ ਕਰ ਰਹੇ ਹਨ, ਜਿਸ ਨਾਲ ਜੰਗਲ ਰਾਜ ਪੈਦਾ ਹੋ ਰਿਹਾ ਹੈ। ਪੰਮਾ ਨੇ ਕਿਹਾ ਕਿ ਇਹ ਬਹੁਤ ਦੁਖਦਾਈ ਹੈ ਕਿ ਹਿੰਦੂਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਘੱਟੋ-ਘੱਟ 42 ਹਮਲੇ ਹੋਏ ਹਨ, ਜਿਨ੍ਹਾਂ ਵਿੱਚ 36 ਘਰਾਂ ਨੂੰ ਸਾੜਨਾ, ਕਈ ਮੰਦਰਾਂ 'ਤੇ ਹਮਲੇ ਅਤੇ ਜ਼ਮੀਨ ਹੜੱਪਣ ਦੀਆਂ ਘਟਨਾਵਾਂ ਸ਼ਾਮਲ ਹਨ। ਯੂਨਸ ਦੀ ਅੰਤਰਿਮ ਸਰਕਾਰ ਦੇ ਸੱਤਾ ਸੰਭਾਲਣ ਤੋਂ ਬਾਅਦ ਬੰਗਲਾਦੇਸ਼ ਵਿੱਚ ਭੀੜ ਹਿੰਸਾ ਵਿੱਚ ਸੈਂਕੜੇ ਲੋਕ ਮਾਰੇ ਗਏ ਹਨ। ਪੰਮਾ ਨੇ ਬੰਗਲਾਦੇਸ਼ ਵਿੱਚ ਹਿੰਦੂਆਂ 'ਤੇ ਹਮਲਿਆਂ ਦੀ ਨਿੰਦਾ ਕੀਤੀ ਅਤੇ ਬੰਗਲਾਦੇਸ਼ ਸਰਕਾਰ ਨੂੰ ਘੱਟ ਗਿਣਤੀਆਂ ਨੂੰ ਸੁਰੱਖਿਆ ਪ੍ਰਦਾਨ ਕਰਨ ਦੀ ਅਪੀਲ ਕੀਤੀ ਅਤੇ ਬੰਗਲਾਦੇਸ਼ ਸਰਕਾਰ ਨੂੰ ਉਨ੍ਹਾਂ ਦੀ ਸੁਰੱਖਿਆ ਲਈ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਬੰਗਲਾਦੇਸ਼ ਵਿੱਚ ਘੱਟ ਗਿਣਤੀਆਂ 'ਤੇ ਅਜਿਹੇ ਹਮਲੇ ਜਾਰੀ ਰਹੇ ਤਾਂ ਨੈਸ਼ਨਲ ਅਕਾਲੀ ਦਲ ਬੰਗਲਾਦੇਸ਼ ਸਰਕਾਰ ਵਿਰੁੱਧ ਵਿਰੋਧ ਪ੍ਰਦਰਸ਼ਨ ਕਰੇਗਾ।


# ਅਮਰੀਕੀ ਕਾਨੂੰਨਸਾਜ਼ਾਂ ਨੇ ਉਮਰ ਖਾਲਿਦ ਦੀ ਲੰਬੀ ਹਿਰਾਸਤ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਭਾਰਤੀ ਰਾਜਦੂਤ ਨੂੰ ਪੱਤਰ ਲਿਖਿਆ



ਨਵੀਂ ਦਿੱਲੀ 2 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):- ਅਮਰੀਕੀ ਕਾਨੂੰਨਸਾਜ਼ਾਂ ਦੇ ਇੱਕ ਸਮੂਹ ਨੇ ਵਿਦਿਆਰਥੀ ਕਾਰਕੁਨ ਅਤੇ ਵਿਦਵਾਨ ਉਮਰ ਖਾਲਿਦ ਦੀ ਲੰਬੇ ਸਮੇਂ ਤੋਂ ਮੁਕੱਦਮੇ ਤੋਂ ਪਹਿਲਾਂ ਦੀ ਹਿਰਾਸਤ 'ਤੇ ਆਪਣੀ ਚਿੰਤਾ ਪ੍ਰਗਟ ਕੀਤੀ ਹੈ ਅਤੇ ਇਸ ਮੁੱਦੇ 'ਤੇ ਵਾਸ਼ਿੰਗਟਨ ਵਿੱਚ ਭਾਰਤੀ ਰਾਜਦੂਤ ਵਿਨੈ ਮੋਹਨ ਕਵਾਤਰਾ ਨੂੰ ਪੱਤਰ ਲਿਖਿਆ ਹੈ। ਖਾਲਿਦ ਨੂੰ ਜ਼ਮਾਨਤ ਦੇਣ ਦੀ ਅਪੀਲ ਕਰਦੇ ਹੋਏ, ਅਮਰੀਕੀ ਕਾਂਗਰਸ ਅਤੇ ਅਮਰੀਕੀ ਸੈਨੇਟ ਦੇ ਮੈਂਬਰਾਂ ਨੇ ਆਪਣੇ ਪੱਤਰ ਵਿੱਚ ਕਿਹਾ ਕਿ ਖਾਲਿਦ ਦੀ ਲਗਭਗ ਪੰਜ ਸਾਲਾਂ ਤੱਕ ਜੇਲ੍ਹ ਵਿੱਚ ਕੈਦ "ਸਹੀ ਪ੍ਰਕਿਰਿਆ, ਮਨੁੱਖੀ ਅਧਿਕਾਰਾਂ ਅਤੇ ਅੰਤਰਰਾਸ਼ਟਰੀ ਕਾਨੂੰਨ ਅਧੀਨ ਭਾਰਤ ਦੀਆਂ ਜ਼ਿੰਮੇਵਾਰੀਆਂ ਬਾਰੇ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਪੱਤਰ 'ਤੇ ਦਸਤਖਤ ਕਰਨ ਵਾਲੇ ਆਗੂਆਂ ਵਿੱਚ ਸੀਨੀਅਰ ਡੈਮੋਕ੍ਰੇਟਿਕ ਆਗੂ ਸ਼ਾਮਲ ਹਨ, ਜਿਨ੍ਹਾਂ ਵਿੱਚ ਕਾਂਗਰਸਮੈਨ ਜੇਮਜ਼ ਪੀ. ਮੈਕਗਵਰਨ ਅਤੇ ਜੈਮੀ ਰਾਸਕਿਨ, ਸੈਨੇਟਰ ਕ੍ਰਿਸ ਵੈਨ ਹੌਲੇਨ ਅਤੇ ਪੀਟਰ ਵੈਲਚ, ਅਤੇ ਕਾਂਗਰਸ ਮੈਂਬਰ ਪ੍ਰਮਿਲਾ ਜੈਪਾਲ, ਜਾਨ ਸ਼ਾਕੋਵਸਕੀ, ਰਸ਼ੀਦਾ ਤਲੈਬ ਅਤੇ ਲੋਇਡ ਡੌਗੇਟ ਸ਼ਾਮਲ ਹਨ। ਦਸਤਖ਼ਤ ਕਰਨ ਵਾਲਿਆਂ ਨੇ ਭਾਰਤ-ਅਮਰੀਕਾ ਰਣਨੀਤਕ ਭਾਈਵਾਲੀ ਦੇ ਢਾਂਚੇ ਦੇ ਅੰਦਰ ਆਪਣੀਆਂ ਚਿੰਤਾਵਾਂ ਰੱਖੀਆਂ ਹਨ ਅਤੇ ਕਿਹਾ ਹੈ ਕਿ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ, ਦੋਵੇਂ ਦੇਸ਼ਾਂ ਨੇ ਆਜ਼ਾਦੀ, ਕਾਨੂੰਨ ਦੇ ਰਾਜ, ਮਨੁੱਖੀ ਅਧਿਕਾਰਾਂ ਅਤੇ ਬਹੁਲਵਾਦ ਨੂੰ ਕਾਇਮ ਰੱਖਣ ਦੀ ਸਾਂਝੀ ਜ਼ਿੰਮੇਵਾਰੀ ਸਾਂਝੀ ਕੀਤੀ ਹੈ। ਉਨ੍ਹਾਂ ਲਿਖਿਆ ਕਿ ਇਸ ਮਾਮਲੇ 'ਚ ਅਸੀਂ ਚਿੰਤਾਵਾਂ ਉਠਾਉਂਦੇ ਹਾਂ ਕਿ ਕਾਨੂੰਨਸਾਜ਼ਾਂ ਨੇ ਨੋਟ ਕੀਤਾ ਕਿ 2019 ਦੇ ਅਖੀਰ ਵਿੱਚ ਪਾਸ ਹੋਏ ਨਾਗਰਿਕਤਾ (ਸੋਧ) ਕਾਨੂੰਨ (ਸੀਏਏ) ਵਿਰੁੱਧ ਵਿਰੋਧ ਪ੍ਰਦਰਸ਼ਨ, ਜਿਸ ਕਾਰਨ ਹੌਲੀ-ਹੌਲੀ ਖਾਲਿਦ ਦੀ ਗ੍ਰਿਫਤਾਰੀ ਹੋਈ, ਨੂੰ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਦੇ ਹਾਈ ਕਮਿਸ਼ਨਰ ਦੇ ਬੁਲਾਰੇ ਨੇ "ਬੁਨਿਆਦੀ ਤੌਰ 'ਤੇ ਵਿਤਕਰਾਪੂਰਨ" ਦੱਸਿਆ। ਜਾਂਚਾਂ ਅਤੇ ਮੁਕੱਦਮਿਆਂ ਦੀ ਨਿਰਪੱਖਤਾ 'ਤੇ ਅਧਿਕਾਰ ਸੰਗਠਨਾਂ, ਕਾਨੂੰਨੀ ਮਾਹਰਾਂ ਅਤੇ ਅੰਤਰਰਾਸ਼ਟਰੀ ਮੀਡੀਆ ਦੁਆਰਾ ਲਗਾਤਾਰ ਸਵਾਲ ਉਠਾਏ ਜਾਂਦੇ ਰਹੇ ਹਨ। ਕਾਨੂੰਨਸਾਜ਼ਾਂ ਨੇ ਕਿਹਾ ਕਿ ਖਾਲਿਦ ਵਿਰੁੱਧ ਅੱਤਵਾਦ ਦੇ ਦੋਸ਼ ਲਗਾਉਣਾ "ਗੁਪਤ ਗਵਾਹਾਂ ਅਤੇ ਗਲਤ ਵਿਆਖਿਆ ਕੀਤੇ ਭਾਸ਼ਣ" 'ਤੇ ਅਧਾਰਤ ਹੈ, ਅਤੇ ਇਸ ਤੱਥ ਨੂੰ ਵੀ ਉਜਾਗਰ ਕੀਤਾ ਕਿ ਸੁਤੰਤਰ ਅਧਿਕਾਰ ਜਾਂਚਾਂ ਵਿੱਚ ਉਸਨੂੰ ਅੱਤਵਾਦੀ ਗਤੀਵਿਧੀਆਂ ਨਾਲ ਜੋੜਨ ਦਾ ਕੋਈ ਸਬੂਤ ਨਹੀਂ ਮਿਲਿਆ। ਜਿਕਰਯੋਗ ਹੈ ਕਿ 11 ਦਸੰਬਰ ਨੂੰ, ਦਿੱਲੀ ਦੀ ਇੱਕ ਅਦਾਲਤ ਨੇ ਖਾਲਿਦ ਨੂੰ ਆਪਣੀ ਭੈਣ ਦੇ ਵਿਆਹ ਵਿੱਚ ਸ਼ਾਮਲ ਹੋਣ ਲਈ ਦੋ ਹਫ਼ਤਿਆਂ ਲਈ ਅੰਤਰਿਮ ਜ਼ਮਾਨਤ ਦੇ ਦਿੱਤੀ ਸੀ। ਖਾਲਿਦ, ਸ਼ਰਜੀਲ ਇਮਾਮ, ਗੁਲਫਿਸ਼ਾ ਫਾਤਿਮਾ ਅਤੇ ਮੀਰਾਨ ਹੈਦਰ ਦੇ ਨਾਲ, 2020 ਦੇ ਉੱਤਰ-ਪੂਰਬੀ ਦਿੱਲੀ ਦੰਗਿਆਂ ਦੇ 'ਵੱਡੀ ਸਾਜ਼ਿਸ਼' ਮਾਮਲੇ ਦੇ ਸਬੰਧ ਵਿੱਚ ਦੋਸ਼ਾਂ ਵਿੱਚ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂਆਪਾ) ਦੇ ਤਹਿਤ ਪੰਜ ਸਾਲ ਤੋਂ ਵੱਧ ਦੀ ਕੈਦ ਦੀ ਸਜ਼ਾ ਕੱਟ ਰਿਹਾ ਹੈ।

### ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਕੈਨੇਡਾ ਵਿਖੇ

# ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ




**ਨਵੀਂ ਦਿੱਲੀ 2 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):-** ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਕੈਨੇਡਾ ਵਿਖੇ ਨਵੇਂ ਈਸਵੀ ਸਾਲ ਦੀ ਆਮਦ ਤੇ ਹਜ਼ਾਰਾਂ ਹੀ ਸੰਗਤਾਂ ਨਤਮਸਤਕ ਹੋਈਆਂ, ਗੁਰੂ ਘਰ ਵਿਖੇ ਪੂਰੇ ਦਿਨ ਦੇ ਦੀਵਾਨ ਸਜਾਏ ਗਏ ਜਿਸ ਦੇ ਵਿਚ ਕੌਮ ਦੇ ਪ੍ਰਸਿੱਧ ਰਾਗੀ ਉਸਤਾਦ ਭਾਈ ਸੁਖਵੰਤ ਸਿੰਘ ਜੀ ਨੇ ਜਥੇ ਸਮੇਤ ਹਾਜ਼ਰੀ ਭਰੀ, ਰਾਤ 12 ਵਜੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਜਿਸ ਵਿਚ ਹਜ਼ਾਰਾਂ ਦੀ ਤਾਦਾਦ ਵਿਚ ਸੰਗਤਾਂ ਹਾਜ਼ਿਰੀ ਭਰਦਿਆਂ ਸ਼ਾਮਿਲ ਹੋਈਆਂ ਸਨ । ਇਸ ਮੌਕੇ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸ਼ਹੀਦ ਸਿੰਘ ਸਾਹਿਬ ਗਿਆਨੀ ਗੁਰਦੇਵ ਸਿੰਘ ਜੀ ਕਾਉਂਕੇ ਦੀ ਸ਼ਹੀਦੀ ਨੂੰ ਮੁੱਖ ਰੱਖਦਿਆਂ ਸ਼ਰਧਾ ਦੇ ਫੁਲ ਭੇਟ ਭੇਟਾ ਕੀਤੇ ਗਏ ਅਤੇ ਉਹਨਾਂ ਦੇ ਜੀਵਨ ਅਤੇ ਸ਼ਹਾਦਤ ਤੋਂ ਜਾਣੂ ਕਰਵਾਉਂਦਿਆਂ ਗੁਰੂ ਘਰ ਦੇ ਸਕੱਤਰ ਭਾਈ ਗੁਰਮੀਤ ਸਿੰਘ ਤੂਰ ਨੇ ਉਹਨਾਂ ਦੇ ਦੱਸੇ ਰਸਤੇ ਤੇ ਚੱਲਣ ਲਈ ਕਿਹਾ ਅਤੇ ਖ਼ਾਲਿਸਤਾਨ ਦੀ ਪ੍ਰਾਪਤੀ ਤੱਕ ਸੰਘਰਸ਼ ਚਲਦਾ ਰੱਖਣ ਦੀ ਗੱਲ ਕੀਤੀ । ਇਸ ਮੌਕੇ ਸਾਹਿਬ ਏ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਆਗਮਨ ਪੁਰਬ ਨੂੰ ਮੁੱਖ ਰੱਖਦਿਆਂ ਵੀ ਦੀਵਾਨ ਸਜਾਏ ਗਏ ਅਤੇ ਪਿਛਲੇ ਦਿਨਾਂ ਤੋਂ ਨਿਕਲ ਰਹੀਆਂ ਪ੍ਰਭਾਤ ਫੇਰੀਆਂ ਦੇ ਭੋਗ ਪਾਏ ਗਏ । ਗੁਰਦੁਆਰਾ ਸਾਹਿਬ ਵਿਖੇ ਕੀਰਤਨੀ ਅਤੇ ਢਾਡੀ ਜਥਿਆਂ ਵਿੱਚ ਹਜੂਰੀ ਰਾਗੀ ਭਾਈ ਗੁਰਸੇਵਕ ਸਿੰਘ, ਭਾਈ ਜਗਜੀਤ ਸਿੰਘ ਗੁਰਦਾਸਪੁਰ ਵਾਲੇ, ਭਾਈ ਸੁਰਜੀਤ ਸਿੰਘ ਜਲੰਧਰ, ਉਸਤਾਦ ਸੁਖਵੰਤ ਸਿੰਘ, ਉਸਤਾਦ ਜਸਪਾਲ ਸਿੰਘ, ਉਸਤਾਦ ਅਨਕਬਾਰ ਸਿੰਘ, ਉਸਤਾਦ ਬਲਜਿੰਦਰ ਸਿੰਘ, ਕਥਾ ਵਾਚਕ ਭਾਈ ਸਾਹਿਬ ਸਿੰਘ, ਪੰਥ ਪ੍ਰਸਿੱਧ ਢਾਡੀ ਜਥਾ ਬੀਬੀ ਪੁਸ਼ਿਪੰਦਰ ਕੌਰ ਨੇ ਸੰਗਤਾਂ ਨੂੰ ਗੁਰਬਾਣੀ ਅਤੇ ਇਤਿਹਾਸ ਨਾਲ ਜੋੜਿਆ । ਇਸ ਮੌਕੇ ਸੰਗਤਾਂ ਵਲੋਂ ਲਗਾਏ ਗਏ ਲੰਗਰਾਂ ਦੇ ਸਟਾਲ ਦਾ ਗੁਰੂ ਘਰ ਦੇ ਪ੍ਰਬੰਧਕ ਭਾਈ ਗੁਰਮੀਤ ਸਿੰਘ ਤੂਰ ਵੱਲੋਂ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ ।

**ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਦੇਵ ਸਿੰਘ ਜੀ ਕਾਉਂਕੇ ਦੇ ਸ਼ਹੀਦੀ ਦਿਹਾੜੇ ਤੇ ਭੇਂਟ ਕੀਤੇ ਗਏ ਸ਼ਰਧਾ ਦੇ ਫੁੱਲ**

### ਮਲੇਸ਼ੀਆ ਵਿਖੇ ਹੋਏ ਧਾਰਮਿਕ ਸਮਾਗਮਾਂ ਦੌਰਾਨ

# ਭਾਈ ਹਰਿੰਦਰ ਸਿੰਘ ਯੂ.ਕੇ. ਦੇ ਜਥੇ ਨੇ ਸੰਗਤਾਂ ਨੂੰ ਕੀਤਾ ਮੰਤਰ ਮੁਗਧ



**ਫ਼ਿਰੋਜ਼ਪੁਰ, 02 ਜਨਵਰੀ (ਮਨੋਹਰ ਲਾਲ):—** ਸ਼ਹੀਦੀ ਦਿਹਾੜਿਆਂ ਦੇ ਚਲਦਿਆਂ ਭਾਈ ਹਰਿੰਦਰ ਸਿੰਘ ਯੂ.ਕੇ ਦੇ ਨਿਰਵੈਰ ਜਥੇ ਵੱਲੋਂ ਮਲੇਸ਼ੀਆ ਵਿਖੇ ਕਰਵਾਏ ਕੀਰਤਨ ਦਰਬਾਰ ਵਿਚ ਕਥਾ ਕੀਰਤਨ ਕਰਦਿਆਂ ਜਿਥੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਗਿਆ, ਉਥੇ ਸਮੂਹ ਲੋਕਾਈ ਦੀ ਚੜ੍ਹਦੀ ਕਲਾਂ ਦੀ ਅਰਦਾਸ ਕੀਤੀ। ਜ਼ਿਕਰਯੋਗ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਕੁਲਦੀਪ ਸਿੰਘ ਗੜਵਜ ਵੱਲੋਂ ਦਿੱਤੀ ਪ੍ਰਵਾਨਗੀ ਉਪਰੰਤ ਮਲੇਸ਼ੀਆ ਅਤੇ ਥਾਈਲੈਂਡ ਵਿਚ ਦੀਵਾਨ ਸਜਾਏ ਗਏ, ਜਿਸ ਵਿਚ ਪੁੱਜੀ ਵੱਡੀ ਗਿਣਤੀ ਸੰਗਤ ਨੂੰ ਮਨੁੱਖਤਾ ਦੇ ਭਲੇ ਲਈ ਕਾਰਜ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ। ਮਲੇਸ਼ੀਆ ਦੇ ਕੋਲਾਲੰਪਰ ਸ਼ਹਿਰ ਦੇ ਗੁਰਦੁਆਰਾ ਸੈਂਟਰਲ ਦੇ ਗੁਰੂ ਘਰ ਵਿਖੇ ਕਲਗੀਧਰ ਪਾਤਸ਼ਾਹ ਦੇ ਸਮੂਹ ਪਰਿਵਾਰ, ਮਾਤਾ ਗੁਜਰ ਕੌਰ, ਚਾਰ ਸਾਹਿਬਜ਼ਾਦਿਆਂ ਦੀ ਨਿੱਘੀ ਯਾਦ ਵਿਚ ਚਾਰ ਰੋਜ਼ਾ ਸਮਾਗਮ ਰੱਖੇ ਗਏ, ਜਿਸ ਵਿਚ ਨਿਰਵੈਰ ਖਾਲਸਾ ਜਥਾ ਯੂ.ਕੇ ਵੱਲੋਂ ਕੀਰਤਨ ਕਰਕੇ ਸੰਗਤਾਂ ਨੂੰ ਮੰਤਰ ਮੁਗਧ ਕੀਤਾ। ਪ੍ਰਬੰਧਕਾਂ ਨੇ ਦੱਸਿਆ ਕਿ ਮਲੇਸ਼ੀਆ ਵਿਚ ਹੋਏ ਧਾਰਮਿਕ ਸਮਾਗਮਾਂ ਦੌਰਾਨ ਵੱਡੀ ਗਿਣਤੀ ਵਿਚ ਵੱਖ—ਵੱਖ ਸ਼ਹਿਰਾਂ ਤੋਂ ਸੰਗਤਾਂ ਨੇ ਸ਼ਿਰਕਤ ਕਰਕੇ ਗੁਰਬਾਣੀ ਕੀਰਤਨ, ਸ਼ਬਦ ਕਥਾ ਵਿਚਾਰਾਂ ਦਾ ਲਾਹਾ ਲਿਆ। ਇਸ ਮੌਕੇ ਜੁੜੀ ਸੰਗਤ ਦਾ ਪ੍ਰਬੰਧਕਾਂ ਨੇ ਧੰਨਵਾਦ ਕਰਦਿਆਂ ਗੁਰਬਾਣੀ ਪੜ੍ਹਣ ਦੀ ਅਪੀਲ ਕਰਦਿਆਂ ਗੁਰਬਾਣੀ ਨਾਲ ਜੁੜਣ ਲਈ ਪ੍ਰੇਰਿਤ ਕਰਦਿਆਂ ਦਸਵੇਂ ਪਾਤਸ਼ਾਹ ਜੀ ਵੱਲੋਂ ਬਖਸ਼ੀ ਖੰਡੇ ਦੀ ਪਾਹੁਲ ਲੈ ਕੇ ਸਿੰਘ ਸੱਜਣ ਲਈ ਕਿਹਾ।

# ਸ਼ਹੀਦ ਬਾਬਾ ਦੀਪ ਸਿੰਘ ਸੇਵਾ ਦਲ ਪੰਜਾਬ ਵੱਲੋਂ ਪੱਤਰਕਾਰਾਂ ਤੇ ਪਰਚਾ ਦਰਜ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ-ਅਤਲਾ



**ਨਵੀਂ ਦਿੱਲੀ 2 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):-** ਸ਼ਹੀਦ ਬਾਬਾ ਦੀਪ ਸਿੰਘ ਸੇਵਾ ਦਲ ਪੰਜਾਬ ਦੇ ਮੁੱਖ ਸੇਵਾਦਾਰ ਭਾਈ ਸੁਖਚੈਨ ਸਿੰਘ ਅਤਲਾ ਵੱਲੋਂ ਪ੍ਰੈਸ ਨੋਟ ਜਾਰੀ ਕਰਦੇ ਕਿਹਾ ਸਾਵਧਾਨ ਇਹ ਬਦਲਾਅ ਵਾਲੀ ਸਰਕਾਰ ਹੈ ਭਾਈ ਇਥੇ ਸੱਚ ਲਿਖਣਾ ਅਤੇ ਸੱਚ ਬੋਲਣਾ ਮਨਾ ਹੈ, ਕਿਉਂਕਿ ਭੇਡਾਂ ਦੀ ਸਰਕਾਰ ਨਰਾਜ਼ ਹੋ ਜਾਂਦੀ ਹੈ ਅਤੇ ਪਰਚਾ ਦੇ ਦਿੰਦੀ ਹੈ। ਇਹ ਗੱਲਾਂ ਅਸੀਂ ਨਹੀਂ ਕਹਿ ਰਹੇ ਪੰਜਾਬ ਦੇ ਮੌਜੂਦਾ ਹਾਲਾਤ ਬਿਆਨ ਕਰ ਰਹੇ ਹਨ, ਕਿਉਂਕਿ ਪਿਛਲੇ ਦਿਨੀ ਮੁੱਖ ਮੰਤਰੀ ਭਗਵੰਤ ਮਾਨ ਵਿਦੇਸ਼ੀ ਦੌਰੇ ਤੇ ਸਨ ਪ੍ਰੰਤੂ ਉਹਨਾਂ ਦੀ ਗੈਰ ਹਾਜ਼ਰੀ ਵਿੱਚ ਪੰਜਾਬ ਸਰਕਾਰ ਦਾ ਉਡੱਣ ਖਟੋਲਾ (ਹੈਲੀਕਾਪਟਰ) ਖ਼ੂਬ ਉੱਡਿਆ, ਜਿਸ ਦਾ ਆਰਟੀਆਈ ਮਾਹਿਰ ਮਾਨਿਕ ਗੋਇਲ ਨੇ ਆਰਟੀਆਈ ਰਾਹੀਂ ਖੁਲਾਸਾ ਕੀ ਕਰ ਦਿੱਤਾ, ਕਿ ਆਖਰ ਮੁੱਖ ਮੰਤਰੀ ਦੀ ਗੈਰ ਹਾਜ਼ਰੀ ਵਿੱਚ ਸਰਕਾਰੀ ਹੈਲੀਕਾਪਟਰ ਤੇ ਕੌਣ ਸਫਰ ਕਰ ਰਿਹਾ ਹੈ ? ਇਹ ਖਬਰਾਂ ਵੀ ਪ੍ਰਕਾਸ਼ਿਤ ਹੋ ਗਈਆਂ ਅਤੇ ਯੂਟੀਊਬ ਸਾਥੀਆਂ ਵੱਲੋਂ ਆਪਣੇ ਆਪਣੇ ਤਰੀਕੇ ਨਾਲ ਖਬਰਾਂ ਵੀ ਪ੍ਰਕਾਸ਼ਿਤ ਕਰ ਦਿੱਤੀਆਂ, ਜੋ ਸਰਕਾਰ ਨੂੰ ਚੰਗੀਆਂ ਨਹੀਂ ਲੱਗੀਆਂ, ਜਿਸ ਕਰਕੇ ਪੰਜਾਬ ਸਰਕਾਰ ਵੱਲੋਂ ਨਵੇਂ ਵਰ੍ਹੇ ਦੇ ਪਹਿਲੇ ਦਿਨ ਹੀ ਪੰਜਾਬ ਦੇ ਬੇਬਾਕ ਪੱਤਰਕਾਰਾਂ ਅਤੇ ਯੂਟਿਬਰਾਂ ਨੂੰ ਤੋਹਫਾ ਦਿੰਦੇ ਹੋਏ 10 ਤੋਂ ਵੱਧ ਪੱਤਰਕਾਰਾਂ ਤੇ ਪਰਚਾ ਦੇ ਦਿੱਤਾ।ਜਿਸ ਦੀ ਅਸੀਂ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ ਇਹਨਾਂ ਵਿੱਚ ਕੁੱਲ 10 ਵਿਅਕਤੀਆਂ ਤੋਂ ਵੱਧ ਤੇ ਪਰਚਾ ਦਿੱਤਾ ਗਿਆ ਹੈ, ਜਿਸ ਦਾ ਮੁੱਖ ਕਾਰਨ ਕਿ ਹੈਲੀਕਾਪਟਰ ਦੀ ਮੁੱਖ ਮੰਤਰੀ ਦੀ ਗੈਰ ਹਾਜ਼ਰੀ ਵਿੱਚ ਵਰਤੋਂ ਕਰਨ ਦੀ ਖਬਰ ਪ੍ਰਕਾਸ਼ਿਤ ਕਿਉਂ ਕੀਤੀ। ਭਾਈ ਅਤਲਾ ਨੇ ਕਿਹਾ ਕਿ ਮੁੱਖ ਮੰਤਰੀ ਦੀ ਗੈਰ ਹਾਜ਼ਰੀ ਵਿੱਚ ਹੈਲੀਕਾਪਟਰ ਦੀ ਵਰਤੋਂ ਦਾ ਮਾਮਲਾ ਬਹੁਤ ਹੀ ਸਿਵੇਦਨਸ਼ੀਲ ਹੈ, ਜਿਸ ਨੂੰ ਇਹਨਾਂ ਪੱਤਰਕਾਰ ਭਰਾਵਾਂ ਨੇ ਸਾਹਮਣੇ ਲਿਆਂਦਾ ਸੀ ਜਿਸ ਤੇ ਸਰਕਾਰ ਵੱਲੋਂ 10 ਵਿਅਕਤੀਆਂ ਤੇ ਪਰਚਾ ਦਰਜ ਕੀਤਾ ਗਿਆ ਹੈ ਜੋ ਸਰਕਾਰ ਦੀ ਬੁਖਲਾਹਟ ਤੋਂ ਸਿਵਾਏ ਹੋਰ ਕੁਝ ਨਹੀ । ਉਹਨਾਂ ਕਿਹਾ ਕਿ ਅੱਜ ਮਾਨ ਸਰਕਾਰ ਦੇ ਹਾਲਾਤ ਵਿੱਚ ਸੱਚ ਲਿਖਣਾ ਤੇ ਬੋਲਣਾ ਮਨਾ ਹੈ ਪ੍ਰੰਤੂ ਉਹ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਜੱਗ ਜਾਹਰ ਕਰਨ ਤੋਂ ਕਦੇ ਵੀ ਪਿੱਛੇ ਨਹੀਂ ਹੱਟਣਗੇ। ਉਹਨਾਂ ਦੱਸਿਆ ਕਿ ਸਾਥੀ ਪੱਤਰਕਾਰਾਂ ਅਤੇ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈ ਕੇ 4 ਜਨਵਰੀ ਨੂੰ ਪੰਜਾਬ ਸਰਕਾਰ ਖਿਲਾਫ ਚੰਡੀਗੜ੍ਹ ਵਿਖੇ ਪ੍ਰਦਰਸ਼ਨ ਦਾ ਐਲਾਨ ਕੀਤਾ ਗਿਆ ਹੈ ਤਾਂ ਜੋ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਜੱਗ ਜਾਹਰ ਕੀਤਾ ਜਾ ਸਕੇ ਅਤੇ ਪੱਤਰਕਾਰਾਂ ਦੀ ਆਵਾਜ਼ ਦਬਾਉਣ ਦੇ ਮਾਮਲੇ ਨੂੰ ਹੋਰ ਜਨਤਕ ਕੀਤਾ ਜਾਵੇ ਕਿਉਂਕਿ ਮੁੱਖ ਮੰਤਰੀ ਭਗਵੰਤ ਮਾਨ ਖੁਦ ਸੰਘਰਸ਼ਾਂ ਚੋਂ ਨਿਕਲੇ ਹੋਏ ਮੁੱਖ ਮੰਤਰੀ ਹਨ ਜਿਨਾਂ ਦੀਆਂ ਖਬਰਾਂ ਵੀ ਸਾਰਿਆਂ ਨੇ ਪ੍ਰਕਾਸ਼ਿਤ ਕੀਤੀਆਂ ਪਰ ਹੁਣ ਸਰਕਾਰ ਸੱਚ ਦੀ ਆਵਾਜ਼ ਨੂੰ ਦਬਾਉਣ ਲਈ ਪੱਬਾ ਭਾਰ ਦਿਖਾਈ ਦੇ ਰਹੀ ਹੈ ਜੋ ਅਤੀ ਨਿੰਦਣਯੋਗ ਹੈ।4 ਜਨਵਰੀ ਦੇ ਇਕੱਠ ਦੀ ਸ਼ਹੀਦ ਬਾਬਾ ਦੀਪ ਸਿੰਘ ਸੇਵਾ ਦਲ ਪੰਜਾਬ ਫੁੱਲ ਸਪੋਟ ਕਰਦਾ ਹੈ। ਉਨ੍ਹਾਂ ਪੱਤਰਕਾਰ ਭਰਾਵਾਂ ਨੂੰ ਕਿਹਾ ਕਿ ਪਰ ਉਹ ਡਰਨ ਦੀ ਲੋੜ ਨਹੀਂ ਪੂਰਾ ਪੰਜਾਬ ਹੀ ਨਹੀਂ ਸਗੋਂ ਦੇਸ਼ ਵਿਦੇਸ਼ ਵਿੱਚ ਵਸਦਾ ਪੰਜਾਬੀ ਭਾਈਚਾਰਾ ਤੁਹਾਡੇ ਨਾਲ ਚਟਾਨ ਵਾਂਗ ਖੜੇਗਾ। ਉਹਨਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਅਜਿਹੇ ਘਟੀਆਂ ਤਰੀਕੇ ਵਰਤਣੇ ਬੰਦ ਕਰੋ।

## ਜੱਗੀ ਜੌਹਲ ਦੀ ਰਿਹਾਈ ਅਤੇ ਵਾਪਸੀ ਨੂੰ ਯਕੀਨੀ ਬਣਾਉਣ ਲਈ ਭਾਰਤ ’ਤੇ ਕੂਟਨੀਤਕ ਦਬਾਅ ਵਧਾਉਣ ਲਈ ਪ੍ਰਧਾਨ ਮੰਤਰੀ ਅਤੇ ਵਿਦੇਸ਼ ਸਕੱਤਰ ’ਤੇ ਦਬਾਅ ਪਾਉਣ ਦੀ ਅਪੀਲ



ਨਵੀਂ ਦਿੱਲੀ 2 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):- ਯੂਕੇ ਭਰ ਦੇ 400 ਤੋਂ ਵੱਧ ਵੱਖ-ਵੱਖ ਸੰਸਦ ਮੈਂਬਰਾਂ ਅਤੇ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਪਿਛਲੇ ਕੁਝ ਹਫ਼ਤਿਆਂ ਵਿੱਚ ਹਲਕੇ ਦੇ ਲੋਕਾਂ ਤੋਂ ਸੈਂਕੜੇ ਪੱਤਰ ਮਿਲੇ ਹਨ ਜਿਨ੍ਹਾਂ ਵਿੱਚ ਉਨ੍ਹਾਂ ਨੂੰ ਜਗਤਾਰ ਸਿੰਘ ਜੌਹਲ ਦੀ ਰਿਹਾਈ ਅਤੇ ਵਾਪਸੀ ਨੂੰ ਯਕੀਨੀ ਬਣਾਉਣ ਲਈ ਭਾਰਤ ’ਤੇ ਕੂਟਨੀਤਕ ਦਬਾਅ ਵਧਾਉਣ ਲਈ ਪ੍ਰਧਾਨ ਮੰਤਰੀ ਅਤੇ ਵਿਦੇਸ਼ ਸਕੱਤਰ ’ਤੇ ਦਬਾਅ ਪਾਉਣ ਦੀ ਅਪੀਲ ਕੀਤੀ ਗਈ ਹੈ। ਯੂਕੇ ਸਰਕਾਰ ਸਵੀਕਾਰ ਕਰਦੀ ਹੈ ਕਿ ਜਗਤਾਰ ਨੂੰ 4 ਨਵੰਬਰ 2017 ਤੋਂ ਇੱਕ ਭਾਰਤੀ ਜੇਲ੍ਹ ਵਿੱਚ ਤਸੀਹੇ ਦਿੱਤੇ ਗਏ ਹਨ ਅਤੇ ਮਨਮਾਨੇ ਢੰਗ ਨਾਲ ਨਜ਼ਰਬੰਦ ਰੱਖਿਆ ਗਿਆ ਹੈ। 4 ਮਾਰਚ 2025 ਨੂੰ ਜਗਤਾਰ ਦੇ ਬਰੀ ਹੋਣ ਤੋਂ ਬਾਅਦ 2025 ਵਿੱਚ ਸਫਲਤਾ ਦੀ ਉਮੀਦ ਵਧ ਗਈ ਜਦੋਂ ਉਸਦੇ ਵਿਰੁੱਧ ਪਹਿਲਾ ਕੇਸ ਅਦਾਲਤ ਵਿੱਚ ਅੰਤ ਵਿੱਚ ਸਮਾਪਤ ਹੋਇਆ, ਖਾਸ ਕਰਕੇ ਕਿਉਂਕਿ ਹੋਰ ਅੱਠ ਕੇਸ ਉਸੇ ਸਬੂਤ ’ਤੇ ਅਧਾਰਤ ਹਨ। ਕੀਰ ਸਟਾਰਮਰ ਵਲੋਂ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਕੋਲ ਇਕ ਵਪਾਰ ਸਮਝੌਤੇ ਦੇ ਮੌਕੇ ਤੇ ਜਗਤਾਰ ਦਾ ਮਾਮਲਾ ਉਠਾਇਆ ਗਿਆ ਸੀ। ਬੀਤੀ 1 ਦਸੰਬਰ ਨੂੰ ਯਵੇਟ ਕੂਪਰ ਨੇ ਜਗਤਾਰ ਦੇ ਭਰਾ, ਗੁਰਪ੍ਰੀਤ ਸਿੰਘ ਜੌਹਲ, ਇੱਕ ਲੇਬਰ ਕੌਂਸਲਰ ਅਤੇ ਡਗਲਸ ਮੈਕਐਲਿਸਟਰ, ਵੈਸਟ ਡਨਬਰਟਨਸ਼ਾਇਰ ਲਈ ਲੇਬਰ ਐਮਪੀ ਨਾਲ ਮੁਲਾਕਾਤ ਕੀਤੀ। ਇਹ ਰਿਪੋਰਟ ਕੀਤੀ ਗਈ ਹੈ ਕਿ ਦੋਵੇਂ ਮੁਲਾਕਾਤ ਤੋਂ ਬਹੁਤ ਨਿਰਾਸ਼ ਸਨ ਕਿਉਂਕਿ ਵਿਦੇਸ਼ ਸਕੱਤਰ ਕੋਲ ਰਿਪੋਰਟ ਕਰਨ ਲਈ ਕੁਝ ਵੀ ਨਵਾਂ ਨਹੀਂ ਸੀ। ਕੀਰ ਸਟਾਰਮਰ ਅਤੇ ਯਵੇਟ ਕਾਪਰ ਨੂੰ ਵੱਧਦੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿ ਯੂਕੇ ਸਰਕਾਰ ਨੇ 2025 ਵਿੱਚ ਜਗਤਾਰ ਦੀ ਰਿਹਾਈ ਨੂੰ ਸੁਰੱਖਿਅਤ ਕਰਨ ਲਈ ਕਾਫ਼ੀ ਕੂਟਨੀਤਕ ਦਬਾਅ ਲਾਗੂ ਕਰਨ ਦੇ ਆਦਰਸ਼ ਮੌਕੇ ਗੁਆ ਦਿੱਤੇ ਹਨ। ਸਾਰੇ ਪਾਸਿਆਂ ਦੇ ਦਰਜਨਾਂ ਸੰਸਦ ਮੈਂਬਰਾਂ ਨੇ ਹੁਣ ਵਿਦੇਸ਼ ਸਕੱਤਰ ਨੂੰ ਪੱਤਰ ਲਿਖ ਕੇ ਜਵਾਬ ਮੰਗੇ ਹਨ ਅਤੇ ਕਈਆਂ ਨੇ ਉਨ੍ਹਾਂ ਨੂੰ ਸੰਸਦ ਮੈਂਬਰਾਂ ਅਤੇ ਸਿੱਖ ਫੈਡਰੇਸ਼ਨ (ਯੂ.ਕੇ.) ਦੇ ਨੁਮਾਇੰਦਿਆਂ ਦੇ ਇੱਕ ਕਰਾਸ-ਪਾਰਟੀ ਵਫ਼ਦ ਨੂੰ ਮਿਲਣ ਦੀ ਬੇਨਤੀ ਕੀਤੀ ਹੈ ਜਿਸਨੇ ਪੱਤਰ ਲਿਖਣ ਦੀ ਮੁਹਿੰਮ ਦਾ ਤਾਲਮੇਲ ਕੀਤਾ ਹੈ। ਇਸ ਬਾਰੇ ਸਿੱਖ ਫੈਡਰੇਸ਼ਨ (ਯੂ.ਕੇ.) ਦੇ ਇੱਕ ਲੀਡ ਐਗਜ਼ੀਕਿਊਟਿਵ ਦਬਿੰਦਰਜੀਤ ਸਿੰਘ ਓ.ਬੀ.ਈ. ਨੇ ਕਿਹਾ ਕੇਅਰ ਸਟਾਰਮਰ ਅਤੇ ਯਵੇਟ ਕਾਪਰ ਜਾਣਦੇ ਹਨ ਕਿ ਭਾਰਤੀ ਅਧਿਕਾਰੀਆਂ ਨੇ 4 ਮਾਰਚ ਨੂੰ ਜਗਤਾਰ ਦੀ ਬਰੀ ਹੋਣ ਵਿਰੁੱਧ ਅਪੀਲ ਨਹੀਂ ਕੀਤੀ ਅਤੇ ਭਾਰਤੀ ਅਦਾਲਤ ਨੇ ਹੋਰ ਅੱਠ ਮਾਮਲਿਆਂ ਦੀ ਸੁਣਵਾਈ ਤੇਜ਼ ਕਰਨ ਦੀ ਬੇਨਤੀ ਕੀਤੀ ਹੈ, ਪਰ ਅੱਜ ਤੱਕ ਜਗਤਾਰ ਵਿਰੁੱਧ ਇਸਤਗਾਸਾ ਪੱਖ ਵੱਲੋਂ ਇੱਕ ਵੀ ਗਵਾਹ ਨੂੰ ਬੁਲਾਇਆ ਨਹੀਂ ਗਿਆ ਹੈ। ਉਨ੍ਹਾਂ ਕਿਹਾ ਯੂਕੇ ਸਰਕਾਰ ਜਾਣਦੀ ਹੈ ਕਿ ਇਹ ਦੋਹਰੇ ਖ਼ਤਰੇ ਦਾ ਇੱਕ ਸਪੱਸ਼ਟ ਮਾਮਲਾ ਹੈ ਅਤੇ 4 ਮਾਰਚ 2025 ਤੋਂ ਲੈ ਕੇ ਹੁਣ ਤੱਕ ਅਦਾਲਤ ਅੰਦਰ 15 ਟ੍ਰਾਇਲ ਸੁਣਵਾਈਆਂ ਹੋ ਚੁੱਕੀਆਂ ਹਨ ਅਤੇ ਦੇਰੀ ਸਾਰੇ ਮੁਕੱਦਮੇ ਵਾਲੇ ਪੱਖ ਵੱਲੋਂ ਕੀਤੀ ਗਈ ਹੈ। ਉਨ੍ਹਾਂ ਕਿਹਾ ਯੂਕੇ ਸਰਕਾਰ ਜਗਤਾਰ, ਇੱਕ ਨਿਰਦੋਸ਼ ਬ੍ਰਿਟਿਸ਼ ਨਾਗਰਿਕ, ਨੂੰ ਰਿਹਾਅ ਕਰਨ ਅਤੇ ਘਰ ਵਾਪਸ ਲਿਆਉਣ ਲਈ ਬੇਵੱਸ ਜਾਪਦੀ ਹੈ। ਜੇਕਰ ਇਹ ਕੀਰ ਸਟਾਰਮਰ ਜਾਂ ਯਵੇਟ ਕਾਪਰ ਦਾ ਪੁੱਤਰ ਜਾਂ ਭਰਾ ਹੁੰਦਾ ਤਾਂ ਉਹ ਗੁੱਸੇ ਵਿੱਚ ਹੁੰਦੇ। ਭਾਰਤ ਨਾਲ ਸ਼ਾਂਤ ਕੂਟਨੀਤੀ ਦਾ ਨਰਮ ਤਰੀਕਾ 8 ਸਾਲਾਂ ਤੋਂ ਵੱਧ ਸਮੇਂ ਤੋਂ ਕੰਮ ਨਹੀਂ ਕਰ ਸਕਿਆ ਹੈ। ਯੂਕੇ ਸਰਕਾਰ ਨੂੰ ਜਗਤਾਰ ਦੀ ਰਿਹਾਈ ਲਈ ਗੱਲਬਾਤ ਕਰਨ ਅਤੇ ਵਾਪਸੀ ਲਈ ਵੱਧ ਤੋਂ ਵੱਧ ਦਬਾਅ ਪਾਉਣਾ ਚਾਹੀਦਾ ਹੈ ਜਾਂ ਜੇਕਰ ਭਾਰਤੀ ਅਧਿਕਾਰੀ ਉਨ੍ਹਾਂ ਦੀ ਗੱਲ ਨਹੀਂ ਸੁਣ ਰਹੇ ਹਨ ਤਾਂ ਜਨਤਕ ਤੌਰ ’ਤੇ ਉਨ੍ਹਾਂ ਨੂੰ ਬੁਲਾ ਕੇ ਜੁਆਬਦੇਹ ਬਣਾਉਣਾ ਚਾਹੀਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ

# ਪ੍ਰੋਗਰਾਮ 'ਮਹਫਿਲ-ਏ-ਆਗਾਜ਼ 2026' ਆਯੋਜਿਤ






**ਤਲਵੰਡੀ ਸਾਬੋ, 2 ਜਨਵਰੀ (ਗੁਰਜੰਟ ਸਿੰਘ ਨਥੇਹਾ)-** ਨਵੇਂ ਸਾਲ ਦੀ ਆਮਦ ਮੌਕੇ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਨਿਰਦੇਸ਼ਾਲਾ ਯੁਵਾ ਤੇ ਸੱਭਿਆਚਾਰਕ ਮਾਮਲੇ, ਨਿਰਦੇਸ਼ਾਲਾ ਅੰਤਰ-ਰਾਸ਼ਟਰੀ ਸਿੱਖਿਆ ਤੇ ਨਿਰਦੇਸ਼ਕ ਵਿਦਿਆਰਥੀ ਭਲਾਈ ਵੱਲੋਂ ਹੋਸਟਲਾਂ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਪ੍ਰੋਗਰਾਮ ਮਹਿਫਿਲ-ਏ-ਆਗਾਜ਼ 2026 ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਡਾਇਰੈਕਟਰ ਵਿਦਿਆਰਥੀ ਭਲਾਈ ਸਰਦੂਲ ਸਿੰਘ ਸਿੱਧੂ ਬਤੌਰ ਮੁੱਖ ਮਹਿਮਾਨ ਤੇ ਡਾਇਰੈਕਟਰ ਸੁਰੱਖਿਆ ਦੇਸਰਾਜ ਕੰਬੋਜ਼ ਨੇ ਸਨਮਾਨਿਤ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਡਾਇਰੈਕਟਰ ਇਟਰਨੈਸ਼ਨਲ ਐਜੂਕੇਸ਼ਨ ਡਿਵੀਜ਼ਨ ਡਾ. ਵਿਕਾਸ ਗੁਪਤਾ, ਡਾਇਰੈਕਟਰ ਯੁਵਾ ਅਤੇ ਸੱਭਿਆਚਰਕ ਮਾਮਲੇ ਡਾ. ਕੰਵਲਜੀਤ ਕੌਰ, ਵੱਖ-ਵੱਖ ਵਿਭਾਗਾਂ ਦੇ ਡੀਨ, ਫੈਕਲਟੀ ਮੈਂਬਰ, ਇੰਟਰ ਨੈਸ਼ਨਲ ਵਿਦਿਆਰਥੀ ਤੇ ਵਰਸਿਟੀ ਹੋਸਟਲਾਂ ਦੇ ਲਗਭਗ 300 ਵਿਦਿਆਰਥੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸਮਾਰੋਹ ਵਿੱਚ ਵੱਖ-ਵੱਖ ਰਾਜਾਂ ਦੇ ਵਿਦਿਆਰਥੀਆਂ ਵੱਲੋਂ ਆਪਣੇ-ਆਪਣੇ ਰਾਜ ਦੇ ਸੱਭਿਆਚਾਰ ਨਾਲ ਸੰਬੰਧਿਤ ਲੋਕ ਗੀਤ, ਲੋਕ ਨਾਚ, ਅਤੇ ਗੀਤ ਸੰਗੀਤ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਇੰਟਰ-ਨੈਸ਼ਨਲ ਵਿਦਿਆਰਥੀਆਂ ਵੱਲੋਂ ਨਵੇਂ ਸਾਲ ਦੀ ਆਮਦ ਤੇ ਪੇਸ਼ ਕੀਤਾ ਗਿਆ ਸੱਭਿਆਚਾਰਕ ਪ੍ਰੋਗਰਾਮ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਰਿਹਾ। ਮੁੱਖ ਮਹਿਮਾਨ ਸਿੱਧੂ ਨੇ ਕੇਕ ਕਟਿੰਗ ਦੀ ਰਸਮ ਉਪਰਾਂਤ ਵਿਦਿਆਰਥੀਆਂ ਨੂੰ ਨਵੇਂ ਸਾਲ ਅਤੇ ਉੱਜਵਲ ਭਵਿੱਖ ਦੀਆਂ ਸ਼ੁਭ ਕਾਮਨਾਵਾਂ ਭੇਂਟ ਕੀਤੀਆਂ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਦੇ ਨਾਲ-ਨਾਲ ਆਪਣੇ ਕਲਾ ਕੌਸ਼ਲ ਨੂੰ ਸਮਾਜ ਹਿੱਤ ਵਿੱਚ ਲਗਾਉਣ ਲਈ ਪ੍ਰੇਰਿਤ ਕੀਤਾ। ਨਿਰਦੇਸ਼ਕ ਆਈ.ਈ.ਡੀ. ਡਾ. ਗੁਪਤਾ ਤੇ ਨਿਰਦੇਸ਼ਕ ਯੁਵਾ ਅਤੇ ਸੱਭਿਆਚਾਰਕ ਮਾਮਲੇ ਡਾ. ਕੌਰ ਨੇ ਵਿਦਿਆਰਥੀਆਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੁੜਨ ਦੀ ਗੱਲ ਕੀਤੀ ਅਤੇ ਨਸ਼ਿਆਂ ਤੋਂ ਦੂਰ ਰਹਿ ਕੇ ਸਮਾਜ ਭਲਾਈ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਅਸਲ ਪੜ੍ਹਾਈ ਨਿੱਜ ਦੇ ਵਿਕਾਸ ਦੇ ਨਾਲ-ਨਾਲ ਦੂਜਿਆਂ ਦੀ ਜ਼ਿੰਦਗੀ ਰੋਸ਼ਨਾਉਣਾ ਹੁੰਦਾ ਹੈ।

# ਪ੍ਰੈੱਸ ਦੀ ਆਜ਼ਾਦੀ ਤੇ ਵਾਰ ਵਾਰ ਹਮਲੇ ਕਰ ਰਹੀ ਹੈ ਇਨਕਲਾਬ ਦੇ ਨਾਅਰੇ ਮਾਰਨ ਵਾਲੀ ਸਰਕਾਰ- ਗੁਰਬਾਜ਼ ਸਿੰਘ ਸਿੱਧੂ



ਤਲਵੰਡੀ ਸਾਬੋ 02 ਜਨਵਰੀ (ਗੁਰਜੰਟ ਸਿੰਘ ਨਥੇਹਾ)- ਜੰਗ-ਏ-ਆਜ਼ਾਦੀ ਦੇ ਮਹਾਂ ਨਾਇਕ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਵਰਗਾ ਰਾਜ ਦੇਣ ਦੇ ਦਾਅਵੇ ਨਾਲ ਸੂਬੇ ਦੀ ਸੱਤਾ ਤੱਕ ਪਹੁੰਚੀ ਆਮ ਆਦਮੀ ਪਾਰਟੀ ਦੀ ਸਰਕਾਰ ਨਾਅਰੇ ਤਾਂ ਇਨਕਲਾਬ ਦੇ ਲਾਉਂਦੀ ਨਹੀ ਥੱਕਦੀ ਪਰ ਇਸ ਸਰਕਾਰ ਵੱਲੋਂ ਵਾਰ ਵਾਰ ਪ੍ਰੈੱਸ ਦੀ ਆਜ਼ਾਦੀ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ 'ਤੇ ਕੀਤੇ ਜਾ ਰਹੇ ਹਮਲੇ ਦਰਸਾਉਂਦੇ ਹਨ ਕਿ ਸਰਕਾਰ ਦੀ ਕਹਿਣੀ ਤੇ ਕਥਨੀ 'ਚ ਜ਼ਮੀਨ ਅਸਮਾਨ ਦਾ ਅੰਤਰ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਹਲਕੇ ਦੇ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਦੇ ਪੁੱਤਰ ਤੇ ਨੌਜਵਾਨ ਕਾਂਗਰਸੀ ਆਗੂ ਗੁਰਬਾਜ਼ ਸਿੰਘ ਸਿੱਧੂ ਨੇ ਇੱਥੋਂ ਜਾਰੀ ਪ੍ਰੈੱਸ ਬਿਆਨ ਰਾਹੀਂ ਕੀਤਾ। ਸਿੱਧੂ ਨੇ ਕਿਹਾ ਕਿ 'ਆਪ' ਸਰਕਾਰ ਦੇ ਪਿਛਲੇ ਕਰੀਬ ਪੌਣੇ ਚਾਰ ਸਾਲ ਦੇ ਕਾਰਜਕਾਲ ਦੌਰਾਨ ਕਈ ਅਜਿਹੇ ਮੌਕੇ ਆਏ ਜਦੋਂ ਇਸਨੇ ਲੋਕ ਹਿਤਾਂ ਦੀ ਗੱਲ ਕਰਨ ਵਾਲੇ ਮੀਡੀਆ ਅਦਾਰਿਆਂ ਜਾਂ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਦਿਆਂ ਉਨਾਂ ਨਾਲ ਕਈ ਕਿਸਮ ਦੇ ਨਾ ਕੇਵਲ ਵਿਤਕਰੇ ਕੀਤੇ ਸਗੋਂ ਉਨਾਂ ਨੂੰ ਤੰਗ ਪ੍ਰੇਸ਼ਾਨ ਵੀ ਕੀਤਾ ਉਨਾਂ ਕਿਹਾ ਕਿ ਤਾਜ਼ਾ ਮਾਮਲੇ 'ਚ ਜਿਸ ਤਰ੍ਹਾਂ ਸਰਕਾਰੀ ਸਾਧਨਾਂ ਦੀ ਦੁਰਵਰਤੋਂ ਦੇ ਗੰਭੀਰ ਮਸਲੇ ਨੂੰ ਲੋਕਾਂ ਸਾਹਮਣੇ ਲਿਆਉਣ ਵਾਲੇ ਪੱਤਰਕਾਰਾਂ ਅਤੇ ਸ਼ੋਸਲ ਮੀਡੀਆ ਕਾਰਕੁੰਨਾਂ 'ਤੇ ਮਾਮਲਾ ਦਰਜ਼ ਕੀਤਾ ਗਿਆ ਹੈ ਉਸਤੋਂ ਸਰਕਾਰ ਦੀ ਮਨਸ਼ਾ ਇੱਕ ਵਾਰ ਫਿਰ ਸਪੱਸ਼ਟ ਹੋ ਗਈ ਹੈ ਕਿ ਉਹ ਨਹੀ ਚਾਹੁੰਦੀ ਕਿ ਪ੍ਰੈੱਸ ਜਾਂ ਕੋਈ ਮੀਡੀਆ ਕਾਰਕੁੰਨ ਉਸਦੇ ਤਾਨਾਸ਼ਾਹੀ ਵਾਲੇ ਕੰਮਾਂ ਕਾਰਾਂ ਤੇ ਉਂਗਲ ਉਠਾਵੇ। ਸਿੱਧੂ ਨੇ ਕਿਹਾ ਕਿ ਜੇਕਰ ਇਹ ਸਰਕਾਰ ਸ਼ਹੀਦ ਭਗਤ ਸਿੰਘ ਦੇ ਕਿਸੇ ਇੱਕ ਵਿਚਾਰ ਨਾਲ ਵੀ ਸਹਿਮਤੀ ਰੱਖਦੀ ਹੈ ਤਾਂ ਪੱਤਰਕਾਰਾਂ ਖਿਲਾਫ ਦਰਜ਼ ਮਾਮਲੇ ਨੂੰ ਬਿਨਾਂ ਦੇਰੀ ਰੱਦ ਕਰ ਦੇਵੇ।

# ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਵੱਲੋਂ ਪੱਤਰਕਾਰਾਂ ਅਤੇ ਆਰਟੀਆਈ ਐਕਟਿਵਿਸਟਾਂ ਖਿਲਾ.ਫ ਕੇਸ ਦਰਜ ਕਰਨ ਦੀ ਨਿੰਦਾ

**ਹੁਸ਼ਿਆਰਪੁਰ, 2 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਰਜਿ ਇੰਡੀਆ ਨੇ ਲੁਧਿਆਣਾ ਕਮਿਸ਼ਨਰੇਟ ਵਿਖੇ 10 ਦੇ ਕਰੀਬ ਪੱਤਰਕਾਰਾਂ ਅਤੇ ਆਰਟੀਆਈ ਐਕਟਿਵਿਸਟਾਂ ਖਿਲਾ.ਫ ਪੰਜਾਬ ਪੁਲਿਸ ਵੱਲੋਂ ਕੇਸ ਦਰਜ ਕਰਨ ਦੀ ਸਖ਼ਤ ਨਿੰਦਾ ਕੀਤੀ ਹੈ, ਜਿਸ ਮਾਮਲੇ ਵਿੱਚ ਸਖਤ ਰੁੱਖ ਅਖਤਿਆਰ ਕਰਦਿਆਂ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਭੇਜੇ ਗਏ ਮੈਮੋਰੰਡਮ ਵਿੱਚ ਪੰਜਾਬ ਦੇ ਉੱਘੇ ਪੱਤਰਕਾਰ ਅਤੇ ਆਰਟੀਆਈ ਐਕਟੀਵਿਸਟ ਮਿੰਟੂ ਗੁਰੂਸਰੀਆ, ਗਗਨ ਰਾਮਗੜ੍ਹੀਆ, ਹਰਮਨ ਕਿਸਾਨ, ਮਨਦੀਪ ਮੱਕੜ, ਗੁਰਲਾਲ ਐਸ ਮਾਨ, ਸਨਮੂ ਧਾਲੀਵਾਲ, ਮਾਨਿਕ ਗੋਇਲ, ਅਰਜਨ, ਦੀਪ ਮੰਗਲੀ, ਲੋਕ ਆਵਾਜ਼ ਟੀ.ਵੀ ਉੱਪਰ ਦਰਜ ਕੀਤੇ ਕੇਸ ਨੂੰ ਤੁਰੰਤ ਪ੍ਰਭਾਵ ਨਾਲ ਰੱਦ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਦੀ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਰਜਿ. ਇੰਡੀਆ ਦੇ ਸੂਬਾ ਪ੍ਰਧਾਨ ਪ੍ਰਿੰਸੀਪਲ ਬਲਵੀਰ ਸਿੰਘ ਸੈਣੀ, ਸਕੱਤਰ ਜਨਰਲ ਇੰਡੀਆ ਵਿਨੋਦ ਕੌਸ਼ਲ, ਤਰਸੇਮ ਦੀਵਾਨਾ ਜਾਇੰਟ ਸਕੱਤਰ ਇੰਡੀਆ, ਚੇਅਰਮੈਨ ਪੰਜਾਬ ਜਸਵਿੰਦਰ ਸਿੰਘ ਆਜ਼ਾਦ, ਸੂਬਾ ਜਨਰਲ ਸਕੱਤਰ ਅਮਰਜੀਤ ਸਿੰਘ ਜੰਡੂ ਸਿੰਘਾ, ਗੁਰਬਿੰਦਰ ਸਿੰਘ ਪਲਾਹਾ ਵਾਈਸ ਚੇਅਰਮੈਨ ਪੰਜਾਬ, ਅਸ਼ਵਨੀ ਸ਼ਰਮਾ ਸੀਨੀਅਰ ਉਪ ਪ੍ਰਧਾਨ, ਓ ਪੀ ਰਾਣਾ ਜ਼ਿਲ੍ਹਾ ਜਨਰਲ ਸਕੱਤਰ ਨੇ ਦੱਸਿਆ ਕਿ ਮੀਡੀਆ ਵਿੱਚ ਨਸ਼ਰ ਹੋਈਆਂ ਖਬਰਾਂ ਵਿੱਚ ਇਹ ਖੁਲਾਸਾ ਹੋਇਆ ਹੈ ਕਿ ਆਰਟੀਆਈ ਰਾਹੀਂ ਲਈ ਗਈ ਜਾਣਕਾਰੀ ਦੇ ਅਧਾਰ ਤੇ ਖ਼ਬਰ ਪ੍ਰਕਾਸ਼ਿਤ ਕਰਨ ਦੇ ਮਾਮਲੇ ਵਿੱਚ ਪੰਜਾਬ ਪੁਲਿਸ ਵੱਲੋਂ ਪੁਲਿਸ ਕਮਿਸ਼ਨਰੇਟ ਲੁਧਿਆਣਾ ਵਿਖੇ 10 ਪੱਤਰਕਾਰਾਂ ਅਤੇ ਆਰਟੀਆਈ ਐਕਟੀਵਿਸਟਾਂ ਉੱਪਰ ਅਧਿਕਾਰਿਤ ਤੌਰ ਤੇ ਕੇਸ ਦਰਜ ਕੀਤਾ ਗਿਆ ਹੈ ਜਿਸ ਦੀ "ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਰਜਿ ਇੰਡੀਆ" ਵੱਲੋਂ ਸਖਤ ਨਿੰਦਾ ਕੀਤੀ ਜਾਂਦੀ ਹੈ, ਮੁੱਖ ਮੰਤਰੀ ਨੂੰ ਭੇਜੇ ਮੈਮੋਰੰਡਮ ਵਿੱਚ ਕਿਹਾ ਗਿਆ ਕਿ ਜਥੇਬੰਦੀ ਦਾ ਮੰਨਣਾ ਹੈ ਕਿ ਪੰਜਾਬ ਪੁਲਿਸ ਅਤੇ ਸੂਬਾ ਸਰਕਾਰ ਦਾ ਅਜਿਹਾ ਵਰਤਾਰਾ ਮੀਡੀਆ ਦੀ ਆਜ਼ਾਦੀ ਦੇ ਨਾਲ ਨਾਲ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਬੁਰੀ ਤਰ੍ਹਾਂ ਢਾਹ ਲਾਉਣ ਵਾਲਾ ਹੈ ਜਿਸ ਦੇ ਆਉਣ ਵਾਲੇ ਸਮੇਂ ਵਿੱਚ ਬਹੁਤ ਭਿਆਨਕ ਨਤੀਜੇ ਸਾਹਮਣੇ ਆ ਸਕਦੇ ਹਨ।

ਬਾਦਲ ਆਪਣੇ ਕਿਸੇ ਸਿਆਸੀ ਗੁਣ ਕਰਕੇ ਨਹੀ ਸਗੋ ਗਰਮ ਦਲੀ ਸਿਆਸਤ ਅਤੇ

# ਵਿਰੋਧੀਆਂ ਦੀਆਂ ਮੂਰਖਤਾਈਆਂ ਕਾਰਨ ਲੀਡਰ ਬਣਿਆ ਸੀ, ਉਹੋ ਸਥਿਤੀ ਅਜੇ ਵੀ ਬਰਕਰਾਰ ਹੈ

**ਆਪਾਂ ਪਿਛਲੀਆਂ** ਕਈ ਪੋਸਟਾਂ ਵਿੱਚ ਪ੍ਰਕਾਸ਼ ਸਿੰਘ ਬਾਦਲ ਦੇ ਰਾਜਸੀ ਇਖਲਾਕ ਅਤੇ ਉਸ ਵਲੋ ਕੀਤੇ ਕੌਮਘਾਤਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਸੀ ।ਅੱਜ ਦੀ ਪੋਸਟ ਵਿੱਚ ਵੀ ਆਪਾਂ ਬਾਦਲ ਬਾਰੇ ਆਪਣੀ ਗੱਲ ਨੂੰ ਅੱਗੇ ਤੋਰਾਂਗੇ ,ਪਰ ਉਸ ਤੋ ਪਹਿਲਾ ਕੁੱਝ ਚੰਦ ਸ਼ਬਦ ਮੈ ਆਪਣੇ ਬਾਰੇ ਕਹਿਣੇ ਚਾਹੁੰਦਾ ਹਾਂ ।ਮੈਂ ਆਪਣੇ ਪੰਜ ਦਹਾਕਿਆਂ ਦੇ ਸਰਗਰਮ ਜੀਵਨ ਵਿੱਚ ਹਥਿਆਰਬੰਦ ਸ਼ੰਘਰਸ ,ਸਿੱਖ ਸਟੂਡੈਂਟਸ ਫੈਡਰੇਸ਼ਨ ,ਮਨੁੱਖੀ ਅਧਿਕਾਰ ਖੇਤਰ ,ਜਰਨਲਿਜ਼ਮ ਤੋ ਇਲਾਵਾ ਅਕਾਲੀ ਰਾਜਨੀਤੀ ਸਮੇਤ ਹਰ ਖੇਤਰ ਵਿੱਚ ਬਿਨਾਂ ਕਿਸੇ ਰੁਤਬੇ ਦੀ ਚਾਹਤ ਰੱਖ ਕੇ ਸਰਗਰਮ ਰਿਹਾ ਹਾਂ ।ਇਸ ਦੌਰਾਨ ਪੰਥਕ ਰਾਜਨੀਤੀ ਅਤੇ ਧਰਮ ਦੇ ਖੇਤਰ ਦੇ ਅਨੇਕਾਂ ਆਗੂਆਂ ,ਜੁਝਾਰੂ ਜਰਨੈਲਾਂ ,ਦੇਸ਼ ਅਤੇ ਅੰਤਰਰਾਸ਼ਟਰੀ ਪੱਧਰ ਦੇ ਮਨੁੱਖੀ ਅਧਿਕਾਰ ਆਗੂਆਂ ,ਵਿਦੇਸ਼ੀ ਸਰਕਾਰਾਂ ਦੇ ਨੁਮਾਇੰਦਿਆਂ ਅਤੇ ਭਾਰਤ ਦੇ ਵੱਖ ਵੱਖ ਖੇਤਰਾਂ ਜੰਮੂ-ਕਸ਼ਮੀਰ ,ਨਾਗਾਲੈਂਡ ਆਸਾਮ ਵਿੱਚ ਤਬਦੀਲੀ ਲਈ ਲੜ ਰਹੇ ਜੁਝਾਰੂ ਅਤੇ ਵਿਦਿਆਰਥੀ ਜੱਥਬੰਦੀਆਂ ਨਾਲ ਤਾਲਮੇਲ ਅਤੇ ਸਹਿਯੋਗ ਵਿੱਚ ਰਹਿ ਕੇ ਹਮੇਸ਼ਾ ਆਪਣੇ ਤਜਬਰੇ ਵਿੱਚ ਵਾਧਾ ਕੀਤਾ ਤਾਂ ਕਿ ਆਪਣੇ ਭਾਈਚਾਰੇ ਦੀ ਰਾਜਨੀਤੀ ਨੂੰ ਬੁਲੰਦੀਆਂ ਉੱਤੇ ਪਹੁੰਚਾਉਣ ਲਈ ਕੋਈ ਹੀਲਾ ਕਰ ਸਕਾਂ ।ਪਰ ਜਦੋ ਇਹ ਜਾਪਿਆ ਸਿੱਖ ਰਾਜਨੀਤੀ ਵਿੱਚ ਇਮਾਨਦਾਰੀ ,ਤਜਰਬੇ ਅਤੇ ਕਿਰਦਾਰ ਦੀ ਕੋਈ ਪੁੱਛ ਪ੍ਰਤੀਤ ਨਹੀਂ ਰਹੀ ਤਾਂ ਚੁੱਪ ਕਰਕੇ ਲਾਂਬੇ ਹੋ ਗਿਆ ।ਵਾਹਿਗੁਰੂ ਨੇ ਮੇਰੀ ਸਰਗਰਮੀ ਦੇ ਸਮੇਂ ਦੌਰਾਨ ਮੈਨੂੰ ਕਈ ਇਤਿਹਾਸਕ ਫੈਸਲਿਆਂ ਵਿੱਚ ਸ਼ਮੂਲੀਅਤ ਦਾ ਮਾਣ ਬਖਸ਼ਿਆ ਅਤੇ ਕਈ ਬਹੁਤ ਮਹੱਤਵਪੂਰਨ ਟੀਚਿਆਂ ਨੂੰ ਸਫਲਤਾ ਪੂਰਨ ਸਿਰੇ ਲਾਇਆ ।ਪਰ ਕਦੇ ਵੀ ਆਪਣੇ ਕੀਤੇ ਕੰਮਾਂ ਅਤੇ ਪਾਏ ਯੋਗਦਾਨ ਦੀ Sale ਨਹੀ ਲਾਈ ।ਪਰ ਮੈ ਅਕਸਰ ਦੇਖਦਾ ਕਿ ਲੋਕ ਬੀਤੇ ਦੀ ਲਹਿਰ ਬਾਰੇ ਝੂਠ ਦੇ ਪੁਲੰਦੇ ਪ੍ਰੋਸ ਕੇ ਨੌਜਵਾਨੀ ਨੂੰ ਗੁਮਰਾਹ ਕਰਦੇ ਹਨ ।ਇਸ ਕਰਕੇ ਮਨ ਵਿੱਚ ਆਇਆ ਕਿ ਸੱਚ ਨੂੰ ਸਾਹਮਣੇ ਰੱਖਿਆ ਜਾਵੇ ।ਪਰ ਸੱਚ ਕਿਸੇ ਨੂੰ ਬਰਦਾਸ਼ਤ ਨਹੀ ਕੁੱਝ ਲੋਕ ਜਾਅਲੀ ਨਾਮ ਹੇਠ ਮੇਰੇ ਖਿਲਾਫ ਵੀ ਸਰਗਰਮ ਹੋਏ ਜਾਪਦੇ ਹਨ ।

ਸ਼ੋਸ਼ਲ ਮੀਡੀਏ ਉੱਪਰ ਵੀ ਮੈਂ ਕਰੀਬ ਡੇਢ ਸਾਲ ਤੋਂ ਆਇਆ ਹਾਂ ,ਮੇਰੀ ਦੁਬਾਰਾ ਸਰਗਰਮੀ ਦਾ ਸਬੱਬ ਭਾਈ ਅੰਮ੍ਰਿਤਪਾਲ ਸਿੰਘ ਬਣਿਆ ।ਇਸਦਾ ਕਾਰਨ ਕੇਵਲ ਇਹ ਕਿ ਮੇਰੀ ਰੂਹ ਨੇ ਮੈਨੂੰ ਧੱਕਿਆ ਕਿ ਅਮਰੀਕ ਸਿੰਘ ਇਸ ਨੌਜਵਾਨ ਦੀ ਹੌਸਲਾ ਅਫਜਾਈ ਲਈ ਅੱਗੇ ਆਵਾ ।ਸ਼ੋਸ਼ਲ ਮੀਡੀਏ ਉੱਪਰ ਆਪਸੀ ਕਸ਼ਮਕਸ਼ ,ਨਫਰਤ ਅਤੇ ਬੇਭਰੋਸਗੀ ਮੈਨੂੰ ਅਕਸਰ ਬੇਹੱਦ ਪ੍ਰੇਸ਼ਾਨ ਕਰਦੀ ਹੈ ਅਤੇ ਦੁੱਖੀ ਹੋ ਕੇ ਮੈ ਕਈ ਵਾਰ ਇਸ ਵਰਤਾਰੇ ਬਾਰੇ ਸਖ਼ਤ ਸ਼ਬਦ ਵੀ ਕਹਿ ਜਾਂਦਾ ਹਾਂ ।ਇਸਦਾ ਕਾਰਨ ਇਹ ਹੈ ਕਿ ਮੈ ਇਹਨਾਂ ਹੀ ਮਨੁੱਖੀ ਕਮਜ਼ੋਰੀਆਂ ਸਦਕਾ ਬੀਤੇ ਸਮੇਂ ਦੀ ਲਹਿਰ ਨੂੰ ਬਰਬਾਦ ਹੁੰਦੇ ਤੱਕਿਆ ਹੈ ।ਜੇਕਰ ਅਸੀ ਬੀਤੇ ਵਿੱਚ ਇਹਨਾਂ ਕਮਜ਼ੋਰੀਆਂ ਤੋਂ ਆਜਾਦ ਰਹਿ ਕੇ ਉੱਚ ਪੱਧਰ ਦੀ ਸਿਆਸੀ ਸੂਝ ਬੂਝ ਨੂੰ ਇਸਤੇਮਾਲ ਕੀਤਾ ਹੁੰਦਾ ਤਾਂ ਕੌਮ ਬਾਦਲ ਜਿਹੇ ਕੌਮਘਾਤੀਆਂ ਦੇ ਚੁਗਲ ਵਿੱਚ ਕਦੇ ਨਹੀ ਫਸਦੀ ਸੀ ।



ਬਾਦਲ ਦੀ ਸਿੱਖ ਸਿਆਸਤ ਵਿੱਚ ਸਥਾਪਤੀ ਦਾ ਕਾਰਨ ਉਸਦੀ ਸਿਆਸੀ ਚਤੁਰਾਈ ਨਹੀ ਸੀ ,ਸਗੋ ਗਰਮਦਲੀ ਸਿਆਸਤ ਅਤੇ ਬਾਦਲ ਵਿਰੋਧੀਆਂ ਦੀਆਂ ਸਿਆਸੀ ਮੂਰਖਤਾਈਆਂ ਅਤੇ ਨਦਾਨੀਆਂ ਸਨ ।ਬਾਦਲ ਵਿੱਚ ਪੈਸ਼ੇ ਅਤੇ ਤਾਕਤ ਦੀ ਅਥਾਹ ਭੁੱਖ ਸੀ ,ਉਸਨੇ ਇਸ ਭੁੱਖ ਦੀ ਪੂਰਤੀ ਲਈ ਕਪਟ ਧੋਖਾ,ਸ਼ਾਜਿਸ ,ਗਦਾਰੀ,ਨੀਚਤਾਈ ਅਤੇ ਮੀਸਣੇਪਣ ਨੂੰ ਆਪਣੇ ਹਥਿਆਰ ਦੇ ਤੌਰ'ਤੇ ਇਸਤੇਮਾਲ ਕੀਤਾ ਸੀ ।ਆਪਣੀਆਂ ਇਨਾਂ ਨੀਚਤਾਈਆਂ ਕਰਕੇ ਉਹ ਭਾਰਤੀ ਹੁਕਮਰਾਨਾਂ ਦੀ ਹਮੇਸ਼ਾ ਪਹਿਲੀ ਪਾਸੰਦ ਬਣਿਆ ਰਿਹਾ ਸੀ ।ਉਸਦੀ ਕਾਮਯਾਬੀ ਦਾ ਦੂਜਾ ਵੱਡਾ ਕਾਰਨ ਉਸਦੇ ਵਿਰੋਧੀਆਂ ਦਾ ਸਿਆਸੀ ਸੂਝ ਬੂਝ ਤੋ ਹੀਣੇ ਹੋਣ ਤੋ ਇਲਾਵਾ ਹਮੇਸ਼ਾ ਵੰਡੇ ਹੋਣਾ ਰਿਹਾ ਹੈ ।ਸੁਖਬੀਰ ਖਿਲਾਫ ਵੀ ਇਹੋ ਪੁਜੀਸ਼ਨ ਬਣੀ ਹੋਈ ਹੈ ।ਬਾਦਲ ਸਿੱਖ ਇਖਲਾਕ ਅਤੇ ਇਖਲਾਕੀ ਬੰਦੇ ਤੋ ਹਮੇਸ਼ਾ ਖੌਫ ਖਾਂਦਾ ਸੀ ।ਉਹ ਉਦੋ ਤਕ ਕਿਸੇ ਆਗੂ ਜਾ ਵਰਕਰ ਉੱਤੇ ਪੂਰਾ ਭਰੋਸਾ ਨਹੀ ਕਰਦਾ ਸੀ ,ਜਦ ਤਕ ਉਸ ਨੂੰ ਯਕੀਨ ਨਾ ਹੋ ਜਾਵੇ ਕਿ ਉਸ ਅੰਦਰਲਾ ਸਿੱਖ ਜਜਬਾ ਪੂਰੀ ਤਰ੍ਹਾਂ ਖਤਮ ਹੋ ਗਿਆ ਹੈ ।ਉਸਨੇ ਆਪਣੇ ਸਾਥੀਆਂ ਨੂੰ ਮਿੱਥ ਕੇ ਕੁਰੱਪਟ ਕੀਤਾ ,ਉਸ ਦਾ ਇਹ ਤਕੀਆ ਕਲਾਮ ਹੁੰਦਾ ਸੀ ਕਿ ਸਿਆਸਤ ਪੈਸ਼ੇ ਬਗੈਰ ਨਹੀ ਹੋ ਸਕਦੀ ਅਤੇ ਉਸਨੇ ਆਪਣੇ ਸਾਥੀ ਆਗੂਆਂ ਨੂੰ ਹਰ ਨਜਾਇਜ ਤਰੀਕੇ ਨਾਲ ਧਨ ਇੱਕਠਾ ਕਰਨ ਲਈ ਉਤਸ਼ਾਹਤ ਕੀਤਾ ।ਬਾਦਲ ਆਪਣੇ ਵਿਰੋਧੀਆਂ ਨੂੰ ਆਪਣੇ ਰਸਤੇ ਵਿੱਚੋ ਹਟਾਉਣ ਲਈ ਸਾਮ,ਦਾਮ,ਦੰਡ ਵਾਲੀ ਮੰਨੂਸਿਮਰਤੀ ਨੀਤੀ ਅਪਨਾਉਂਦਾ ਸੀ ।1987-88 ਦੌਰਾਨ ਜਦੋਂ ਉਸ ਨੂੰ ਜਾਪਿਆ ਕਿ ਮੈਂ ਉਸਦੇ ਬੁਰੇ ਇਰਾਦਿਆਂ ਵਿੱਚ ਰੁਕਾਵਟ ਬਣ ਰਿਹਾ ਤਾਂ ਉਸ ਨੇ ਪਹਿਲਾਂ ਮੈਨੂੰ ਕੁਰੱਪਟ ਕਰਨ ਅਤੇ ਬਾਅਦ ਵਿੱਚ ਮਰਵਾਉਣ ਦੇ ਯਤਨ ਕੀਤੇ ।ਇਸ ਸਬੰਧੀ ਮੈਂ ਇੱਕ ਘਟਨਾ ਦਾ ਵੇਰਵਾ ਦੇਣਾ ਜ਼ਰੂਰੀ ਸਮਝਦਾ ਹਾਂ ।ਇਹ ਉਹਨਾਂ ਦਿਨਾਂ ਦੀ ਗੱਲ ਹੈ ਜਦੋਂ ਬਾਦਲ ਕੇਂਦਰ ਸਰਕਾਰ ਨਾਲ ਸੌਦੇਬਾਜ਼ੀ ਤਹਿਤ ਮੁਅੱਤਲ ਕੀਤੀ ਵਿਧਾਨ ਸਭਾ ਬਹਾਲ ਕਰਾ ਕੇ ਮੁੱਖ ਮੰਤਰੀ ਬਨਣ ਲਈ ਤਰਲੇ ਲੈ ਰਿਹਾ ਸੀ ।ਉਹਨੀ ਦਿਨੀ ਪੁਲਸ ਮੇਰੀ ਸਰਗਰਮੀ ਨਾਲ ਭਾਲ ਕਰ ਰਹੀ ਸੀ ।ਸਾਡਾ ਖੇਮਾ ਇਸ ਦਾ ਕਾਰਨ ਮੇਰੇ ਵੱਲੋ ਬਾਦਲ ਦਾ ਧੂਆਧਾਰ ਤਰੀਕੇ ਨਾਲ ਕੀਤਾ ਜਾ ਰਿਹਾ ਵਿਰੋਧ ਸਮਝਦਾ ਸੀ ।ਇਸ ਦੌਰਾਨ ਮੈਨੂੰ ਮੁਕਤਸਰ ਦੇ ਸਵ.ਸੀਨੀਅਰ ਪੱਤਰਕਾਰ ਇੰਦਰ ਸਿੰਘ ਦਰਦੀ ਦੇ ਦੋ-ਤਿੰਨ ਸਨੇਹੇ ਮਿਲੇ ਕਿ ਮੈਂਬਰ ਪਾਰਲੀਮੈਂਟ ਅਤੇ ਬਾਦਲ ਦਾ ਨਜ਼ਦੀਕੀ ਭਾਈ ਸਮਿੰਦਰ ਸਿੰਘ ਮੇਰੇ ਨਾਲ ਮੁਲਾਕਾਤ ਕਰਨੀ ਚਾਹੁੰਦਾ ਹੈ ।ਪਹਿਲਾਂ ਮੈਂ ਇਸ ਮੁਲਾਕਾਤ ਲਈ ਜੁਵਾਬ ਦੇ ਦਿੱਤਾ ,ਪਰ ਦਰਦੀ ਸਾਹਿਬ ਨੇ ਜੱਥੇਦਾਰ ਖੁੱਡੀਆਂ ਤੋ ਕਹਿਲਾਇਆਂ ਤਾਂ ਮੈਂ ਮੰਨ ਗਿਆ ।ਜੱਥੇਦਾਰ ਖੁੱਡੀਆ ਨੇ ਮੈਨੂੰ ਕਿਹਾ ਕਿ ਇਸ ਤਰ੍ਹਾਂ ਸਾਨੂੰ ਵਿਰੋਧੀ ਦੇ ਮਨ ਨੂੰ ਪੜਨ ਦਾ ਮੌਕਾ ਮਿਲੇਗਾ ।ਜਦ ਮੈਂ ਭਾਈ ਸਮਿੰਦਰ ਸਿੰਘ ਨੂੰ ਮਿਲਣ ਗਿਆ ਤਾਂ ਉਸਨੇ ਮੇਰੀ ਚਾਪਲੂਸੀ ਅਤੇ ਸਿਫ਼ਤਾਂ ਦੇ ਪੁਲ਼ ਬੰਨੇ ।ਪਰ ਮੈਂ ਉਸ ਨੂੰ ਟੋਕਿਆ ਕਿ ਤੁਸੀ ਅਸਲ ਮੁੱਦੇ ਤੋਂ ਆਵੋ ਕਿ ਤੁਸੀ ਮੈਨੂੰ ਕਿਉਂ ਮਿਲਣਾ ਚਾਹੁੰਦੇ ਸੀ ।ਇਸ ਗੱਲ ਦੇ ਜਵਾਬ ਵਿੱਚ ਸਮਿੰਦਰ ਸਿੰਘ ਮੈਨੂੰ ਕਹਿੰਦਾ ਕਿ ਮੈਨੂੰ ਬਾਦਲ ਸਾਹਿਬ ਨੇ ਭੇਜਿਆ ਹੈ ।ਬਾਦਲ ਸਾਹਿਬ ਦਾ ਤੁਹਾਡੇ ਲਈ ਸਨੇਹਾ ਹੈ ਕਿ ਅਮਰੀਕ ਸਿੰਘ ਨੂੰ ਕਹੋ ਕਿ ਸਾਡੇ ਨਾਲ ਸੱਤਾ ਸ਼ੇਅਰ ਕਰਨ ,ਅਸੀ ਉਹਨਾਂ ਦੀ ਇੱਛਾ ਮੁਤਾਬਿਕ ਮਾਨ-ਸਨਮਾਨ ਕਰਾਂਗੇ ।ਇਸ ਗੱਲ ਨੂੰ ਹੋਰ ਵਿਸਥਾਰ ਵਿੱਚ ਕਰਦੇ ਹੋਏ ਉਸਨੇ ਕਿਹਾ ਕਿ ਤੁਹਾਡੇ ਲਈ ਮਨਭਾਉਦਾ ਰੁਤਬਾ ,ਗੱਡੀਆਂ ,ਪੈਸ਼ਾ ਅਤੇ ਸਕਿਉਰਟੀ ਹਰ ਪ੍ਰਬੰਧ ਕੀਤਾ ਜਾਵੇਗਾ ।ਇਸ ਤੋਂ ਇਲਾਵਾ ਸਮਿੰਦਰ ਸਿੰਘ ਨੇ ਮੈਨੂੰ ਆਪਣੇ ਵੱਲੋਂ ਕਿਹਾ "ਛੋਟੇ ਬਾਈ ਜੇ ਤੂੰ ਇਹ ਆਫਰ ਪ੍ਰਵਾਨ ਕਰ ਲਵੇ ਤਾਂ ਆਪਾਂ ਦੋਹੇਂ ਭਰਾ ਪੰਜਾਬ ਦੀ ਰਾਜਨੀਤੀ ਨੂੰ ਉਂਗਲਾਂ ਉੱਤੇ ਨਚਾਵਾਂਗੇ।



ਭਾਈ ਅਮਰੀਕ ਸਿੰਘ ਮੁਕਤਸਰ

ਜਦੋ ਸਮਿੰਦਰ ਸਿੰਘ ਆਪਣੀ ਗੱਲ ਕਰ ਚੁੱਕਿਆ ਤਾਂ ਮੈ ਆਖਿਆ ਕਿ ਤੁਸੀ ਮੇਰਾ ਜਵਾਬ ਠੀਕ ਮੇਰੀ ਭਾਵਨਾ ਵਿੱਚ ਪਹੁੰਚਾ ਸਕੋਗੇ ।ਉਸਨੇ ਜਵਾਬ ਵਿੱਚ ਕਿਹਾ ਕਿ ਮੈਂ ਤਾਂ ਮੈਸੇਜਰ ਹਾਂ ,ਮੇਰਾ ਕੰਮ ਬਾਦਲ ਸਾਹਿਬ ਦਾ ਸਨੇਹਾ ਤੁਹਾਡੇ ਤੱਕ ਤੇ ਤੁਹਾਡਾ ਸਨੇਹਾ ਬਾਦਲ ਸਾਹਿਬ ਤਕ ਪਹੁੰਚਾਉਣ ਦੀ ਜ਼ੁੰਮੇਵਾਰੀ ਹੈ ।ਮੈ ਸਮਿੰਦਰ ਸਿੰਘ ਨੂੰ ਕਿਹਾ ਕਿ ਬਾਦਲ ਸਾਹਿਬ ਨੂੰ ਮੇਰੇ ਵੱਲੋ ਕਹਿਣਾ ਕਿ ਇਹ ਬਾਦਲ ਸਾਹਿਬ ਦੀ ਖੁਸ਼ਿਕਸਮਤੀ ਹੈ ਕਿ ਅਮਰੀਕ ਸਿੰਘ ਸ਼ਬਦਾਂ ਦੀ ਰਾਜਨੀਤੀ ਕਰਦਾ ,ਪਰ ਜੇ ਮੈਂ ਗੋਲੀ ਦੀ ਰਾਜਨੀਤੀ ਕਰਦਾ ਹੁੰਦਾ ਤਾਂ ਪਹਿਲੀ ਗੋਲੀ ਬਾਦਲ ਦੇ ਮੱਥੇ ਉੱਪਰ ਮਾਰਦਾ,ਉਹ ਇਸ ਗੱਲ ਦਾ ਹੱਕਦਾਰ ਨਹੀਂ ਕਿ ਉਸ ਲਈ ਦੂਜੀ ਗੋਲੀ ਖਰਾਬ ਕੀਤੀ ਜਾਵੇ ।ਇਸਦੇ ਨਾਲ ਮੈ ਇਹ ਵੀ ਕਿਹਾ ਕਿ ਸਾਡੇ ਵਾਲਾ ਲਾਣਾ ਤਾਂ ਮੂਰਖ ਹੈ ,ਜੋ ਐਡੇ ਵੱਡੇ ਕੌਮਘਾਤੀ ਨੂੰ ਅਜੇ ਗੋਲੀ ਨਹੀ ਮਾਰ ਸਕਿਆ ।ਮੇਰਾ ਜਵਾਬ ਸੁਣ ਕੇ ਭਾਈ ਸਮਿੰਦਰ ਸਿੰਘ ਸੁੰਨ ਹੋ ਗਿਆ ,ਉਸਦੇ ਮੂੰਹੋਂ ਕੋਈ ਸ਼ਬਦ ਨਾ ਨਿਕਲਿਆ ਅਤੇ ਮੈਂ ਉਸ ਦੀਆਂ ਲੱਤਾਂ ਕੰਬਦੀਆਂ ਵੇਖੀਆਂ ।ਉਸ ਨੂੰ ਉਸੇ ਹਾਲਤ ਵਿੱਚ ਛੱਡ ਕੇ ਮੈਂ ਤੁਰੰਤ ਬਾਹਰ ਆ ਗਿਆ ।

ਜੱਥੇਦਾਰ ਖੁੱਡੀਆ ਅਤੇ ਮੇਰੇ ਸਾਥੀ ਸਾਰੀ ਗੱਲਬਾਤ ਜਾਨਣ ਲਈ ਮੈਨੂੰ ਉਡੀਕ ਰਹੇ ਸਨ ।ਮੈਂ ਸਾਰੀ ਗੱਲਬਾਤ ਦਾ ਵੇਰਵਾ ਉਹਨਾਂ ਨੂੰ ਦਿੱਤਾ ।ਸਾਰੀ ਗੱਲਬਾਤ ਸੁਨਣ ਤੋ ਬਾਅਦ ਜੱਥੇਦਾਰ ਖੁੱਡੀਆ ਨੇ ਕਿਹਾ ਕਿ " ਉਹ ਹੁਣ ਤੈਨੂੰ ਜਾਨੋਂ ਮਰਵਾਉਣ ਦੀ ਕੋਸ਼ਿਸ਼ ਕਰਨਗੇ " ।ਉਸ ਮੌਕੇ ਜੱਥੇਦਾਰ ਖੁੱਡੀਆ ਨੇ ਇੱਕ ਹੋਰ ਗੱਲ ਕਹੀ ,ਜਿਸ ਨੂੰ ਸੁਣ ਕੇ ਮੇਰੀ ਨਿਗ੍ਹਾਂ ਵਿੱਚ ਜੱਥੇਦਾਰ ਜੀ ਦਾ ਕੱਦ ਪਹਾੜ ਜਿੱਡਾ ਹੋ ਗਿਆ ।ਉਸਦਾ ਜ਼ਿਕਰ ਆਪਾਂ ਅਗਲੀ ਪੋਸਟ ਵਿੱਚ ਕਰਾਂਗੇ। ••

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)

# ਮਹਾਨ ਸ਼ਹੀਦੀ ਦਿਹਾੜਾ



ਸ੍ਰੀ ਅਕਾਲ ਤਖਤ ਸਾਹਿਬ ਜੀ ਜਥੇਦਾਰ ਸਿੰਘ ਸਾਹਿਬ ਸ਼ਹੀਦ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਸ਼ਹੀਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

**ਸ਼ਨਿੱਚਰਵਾਰ 3 ਜਨਵਰੀ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ**

ਐਤਵਾਰ 4 ਜਨਵਰੀ 2026 ਨੂੰ 6:30 ਵਜੇ ਸਵੇਰੇ ਚੋਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ ਉਪਰੰਤ 12 :30 ਵਜੇ ਤੱਕ ਦੀਵਾਨ ਸੱਜਣਗੇ।



ਕਥਾ ਵਾਚਕ ਗਿਆਨੀ ਜਾਨਪਾਲ ਸਿੰਘ ਕੇਸਰੀ

ਕਥਾ ਵਾਚਕ ਗਿਆਨੀ ਜਾਨਪਾਲ ਸਿੰਘ ਕੇਸਰੀ ਕਥਾ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

**Call+393475711755 / 3208124778**




ਸ਼ਹੀਦਾਂ ਦੀ ਯਾਦ 'ਚ ਅਤੇ ਭਲਵਾਨਾਂ ਦੀ ਚੜ੍ਹਦੀ ਕਲਾ ਲਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਇੰਗਲੈਂਡ ਨਿਵਾਸੀ ਸ. ਜੋਗਿੰਦਰ ਸਿੰਘ ਢੰਡੋਵਾਲ ਦੇ ਪਰਿਵਾਰ ਵੱਲੋਂ ਹੋਵੇਗੀ।

ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਆਰੰਭਤਾ 12 ਜਨਵਰੀ, 2026 (ਦਿਨ ਸੋਮਵਾਰ) ਸਵੇਰੇ 10.00 ਵਜੇ ਨੂੰ ਹੋਵੇਗੀ, ਜਿਨ੍ਹਾਂ ਦੇ ਭੋਗ 14 ਜਨਵਰੀ, 2026 (ਦਿਨ ਬੁੱਧਵਾਰ) ਨੂੰ ਸਵੇਰੇ 10.00 ਵਜੇ ਪਾਏ ਜਾਣਗੇ। ਅਰਦਾਸ ਉਪਰੰਤ ਦੀਵਾਨ ਸਜਣਗੇ, ਜਿਸ ਦੌਰਾਨ ਪੰਥ ਪ੍ਰਸਿੱਧ ਰਾਗੀ-ਢਾਡੀ ਸੰਗਤਾਂ ਨੂੰ ਨਿਹਾਲ ਕਰਨਗੇ। ਉਪਰੰਤ ਛਿੰਝ ਦੌਰਾਨ ਭਲਵਾਨ ਆਪਣੀ ਭਲਵਾਨੀ ਦੇ ਜੌਹਰ ਦਿਖਾਉਣਗੇ।

ਛਿੰਝ ਮੇਲੇ ਦਾ ਲਾਈਵ ਪ੍ਰਸਾਰਣ ਆਵਾਜ਼ਿ ਕੌਮ AWAZE QAUM WEB TV 'ਤੇ ਦੇਖਿਆ ਜਾ ਸਕਦਾ ਹੈ।


ਸਮੂਹ ਇਲਾਕਾਵਸੀਆਂ ਨੂੰ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਜੀ

ਵੱਲੋਂ: ਸਮੂਹ ਨਗਰ ਨਿਵਾਸੀ ਪਿੰਡ ਢੰਡੋਵਾਲ, ਸ਼ਾਹਕੋਟ (ਜਲੰਧਰ)

ਸੰਪਰਕ: (ਨਛੱਤਰ ਸਿੰਘ ਸੱਤੀ) 98151-02950, 82840-32366 (ਬਲਿਹਾਰ ਸਿੰਘ ਨੰਬਰਦਾਰ), (ਜੀਤ ਸਿੰਘ) 92573-40139

ਅੱਜ 3 ਜਨਵਰੀ ਨੂੰ ਸ਼ਹੀਦੀ ਦਿਵਸ ’ਤੇ ਵਿਸ਼ੇਸ਼

# ਧੰਨ ਮੋਤੀ ਜਿਨ ਪੁੰਨ ਕਮਾਇਆ, ਗੁਰ ਲਾਲਾਂ ਤਾਈਂ ਦੁੱਧ ਪਿਆਇਆ



**ਬਾਬਾ** ਮੋਤੀ ਰਾਮ ਮਹਿਰਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇੱਕ ਸਮਰਪਿਤ ਚੇਲਾ ਅਤੇ ਸੇਵਕ ਸੀ। ਬਾਬਾ ਮੋਤੀ ਰਾਮ ਮਹਿਰਾ ਦੀ ਉਮਰ 40 ਸਾਲ ਸੀ ਜੋ ਸਰਹਿੰਦ ਦੇ ਰਹਿਣ ਵਾਲੇ ਤੇ ਬਹੁਤ ਹੀ ਗ਼ਰੀਬ ਪਰਿਵਾਰ ਨਾਲ ਸੰਬੰਧਿਤ ਸਨ।ਆਪ ਦੀ ਰਿਹਾਇਸ਼ ਮਨਸੂਰੀਵ ਟਿੱਬੇ ਤੇ ਇੱਕ ਕੱਚੇ ਮਕਾਨ ਵਿੱਚ ਸੀ, ਜਿੱਥੇ ਉਹ ਆਪਣੀ ਪਤਨੀ ਭੋਲੀ ਜਿਸ ਦੀ ਉਮਰ 38 ਸਾਲ, ਬਿਰਧ ਮਾਤਾ ਲੱਧੋ ਦੀ ਉਮਰ 70 ਸਾਲ ਅਤੇ ਇੱਕ ਸੱਤ ਸਾਲ ਦੇ ਪੁੱਤਰ ਜੀਤੂ ਨਾਲ ਰਹਿੰਦੇ ਸਨ। ਆਪ ਗੁਰੂ ਘਰ ਦੇ ਪੱਕੇ ਸ਼ਰਧਾਲੂ ਸਨ। ਪੰਜਾਂ ਪਿਆਰਿਆਂ ਵਿੱਚੋਂ ਭਾਈ ਹਿੰਮਤ ਸਿੰਘ ਜੀ ਇਹਨਾਂ ਦੇ ਰਿਸ਼ਤੇਦਾਰ ਸਨ। ਮਾਲਵੇ ਦੀ ਸਿੱਖ ਸੰਗਤ ਜਦੋਂ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਅਨੰਦਪੁਰ ਸਾਹਿਬ ਜਾਂਦੀ ਸੀ ਤਾਂ ਉਹ ਬਾਬਾ ਮੋਤੀ ਰਾਮ ਜੀ ਕੋਲ ਰੁਕ ਕੇ ਜਾਂਦੀ ਸੀ। ਭਾਈ ਮੋਤੀ ਰਾਮ ਮਹਿਰਾ ਸਰਹਿੰਦ ਦੇ ਸੂਬੇਦਾਰ ਨਵਾਬ ਵਜ਼ੀਰ ਖਾਂ ਦੇ ਹਿੰਦੂ ਲੰਗਰ ਵਿੱਚ ਲਾਂਗਰੀ ਵਜੋਂ ਨੌਕਰੀ ਕਰਦੇ ਸਨ।ਇਹਨਾਂ ਦੀ ਡਿਊਟੀ ਹਿੰਦੂ ਕੈਦੀਆਂ ਨੂੰ ਲੰਗਰ ਛਕਾਉਣ ਦੀ ਸੀ। ਆਪ ਜੀ ਦੀ ਉਮਰ ਉਸ ਸਮੇਂ ਕੋਈ 27-28 ਸਾਲ ਦੀ ਹੋਵੇਗੀ। ਸਰਹਿੰਦ ਸ਼ਹਿਰ ਦੇ ਹਿੰਦੂ ਅਤੇ ਸਿੱਖ ਪਰਿਵਾਰਾਂ ਨਾਲ ਆਪ ਦਾ ਚੰਗਾ ਸੰਪਰਕ ਸੀ। ਜ਼ੇਲ੍ਹ ਦੇ ਦਰੋਗੇ ਨੇ ਆਪ ਨੂੰ ਕਿਹਾ, “ਭਾਈ ਮੋਤੀ ਰਾਮਾ ! ਠੰਡੇ ਬੁਰਜ ਵਿੱਚ ਤਿੰਨ ਨਵੇਂ ਕੈਦੀ ਆਏ ਹਨ। ਉਹਨਾਂ ਨੂੰ ਭੋਜਨ ਛਕਾ ਦਈ।” ਭਾਈ ਮੋਤੀ ਰਾਮ ਭੋਜਨ ਲੈ ਕੇ ਬੁਰਜ ਦੀਆਂ ਪੌੜੀਆਂ ਚੜ੍ਹ ਗਿਆ। ਉੱਪਰ ਘੁੱਪ ਹਨੇਰਾ ਸੀ। ਦੀਵੇ ਦੀ ਮੱਧਮ ਲੋਅ ਵਿੱਚ ਨਿੱਕੇ-ਨਿੱਕੇ ਬਾਲਾਂ ਤੇ ਮਾਤਾ ਗੁੱਜਰ ਕੌਰ ਦੇ ਚਰਨਾਂ ਦੀ ਛੋਹ ਪ੍ਰਾਪਤ ਕੀਤੀ। ਮਾਤਾ ਜੀ ਬੋਲੇ ਤੂੰ ਕੌਣ ਹੈ ? ਭਾਈ ਮੋਤੀ ਰਾਮ ਨੇ ਨਿਮਰਤਾ ਸਹਿਤ ਉੱਤਰ ਦਿੱਤਾ, “ਮਾਤਾ ਜੀਓ ! ਦਾਸ ਨੂੰ ‘ਮੋਤੀ’ ਕਹਿ ਕੇ ਲੋਕ ਬੁਲਾਉਂਦੇ ਹਨ। ਆਪ ਦਾ ਇਹ ਸੇਵਕ ਨਵਾਬ ਦੀ ਨੌਕਰੀ ਕਰਦਾ ਹੈ। ਆਪ ਲਈ ਭੋਜਨ ਲੈ ਕੇ ਆਇਆ ਹਾਂ, ਪ੍ਰਸ਼ਾਦਾ ਛਕ ਲਵੋ। ਮਾਤਾ ਜੀ ਨੇ ਸ਼ਾਹੀ ਭੋਜਨ ਲੈਣ ਤੋਂ ਇਨਕਾਰ ਕਰ ਦਿੱਤਾ। ਮਾਤਾ ਗੁਜਰੀ ਨੇ ਕਿਹਾ, “ਨਹੀਂ ਮੋਤੀਆ ! ਇਹਨਾਂ ਪਾਪੀਆਂ ਦੇ ਘਰ ਦੀ ਰੋਟੀ ਪ੍ਰਵਾਨ ਨਹੀਂ ਕਰਨੀ। ਇਹਨਾਂ ਜ਼ਾਲਮਾਂ ਦੇ ਘਰ ਦਾ ਅੰਨ ਪਾਣੀ ਨਹੀਂ ਛਕਣਾ, ਲੈ ਜਾ।” ਭਾਈ ਮੋਤੀ ਰਾਮ ਦੂਜੀ ਵਾਰ ਦੀਵਾਨ ਸੁੱਚਾ ਨੰਦ ਦੇ ਘਰ ਤੋਂ ਲਿਆਂਦਾ ਭੋਜਨ ਵੀ ਲੈ ਕੇ ਗਿਆ। ਮਾਤਾ ਜੀ ਨੇ ਇਹ ਭੋਜਨ ‘ਪਾਪ ਦੀ ਕਮਾਈ’ ਕਹਿ ਕੇ ਵਾਪਸ ਕਰ ਦਿੱਤਾ। ਮਾਤਾ ਜੀ ਨੇ ਕਿਹਾ, “ਅਸੀਂ ਨਾਮ ਦਾ ਭੋਜਨ, ਬੰਦਗੀ ਦੀ ਖ਼ੁਰਾਕ ਖਾ ਕੇ ਸਮਾਂ ਬਤੀਤ ਕਰ ਲਵਾਂਗੇ।” ਗੁਰੂ ਘਰ ਦਾ ਸਿੱਖ ਭਾਈ ਮੋਤੀ ਰਾਮ ਮਹਿਰਾ ਦੁਖੀ ਮਨ ਨਾਲ ਆਪਣੇ ਘਰ ਪਹੁੰਚਿਆ।

ਸਾਰਾ ਪਰਿਵਾਰ ਮੋਤੀ ਰਾਮ ਨੂੰ ਉਡੀਕ ਰਿਹਾ ਸੀ ਕਿ ਜਦੋਂ ਘਰ ਆਉਣਗੇ ਤਾਂ ਇਕੱਠੇ ਬੈਠ ਕੇ ਰੋਟੀ ਖਾਵਾਂਗੇ ਕਿਉਂਕਿ ਸਾਰੇ ਇਕੱਠੇ ਬੈਠ ਕੇ ਹੀ ਭੋਜਨ ਛਕਦੇ ਸਨ। ਬਾਬਾ ਮੋਤੀ ਰਾਮ ਮਹਿਰਾ ਸਾਰਾ ਕੰਮ-ਕਾਜ ਸਮੇਟ ਕੇ ਘਰ ਜਾ ਕੇ ਬੈਠੇ। ਘਰ ਵਾਲੀ ਤੇ ਮਾਂ ਨੇ ਪ੍ਰਸ਼ਾਦਾ ਤਿਆਰ ਕੀਤਾ। ਰੋਟੀ ਦੀ ਗਰਾਹੀ ਤੋੜੀ ਤੇ ਮੂੰਹ ਕੋਲ ਪਹੁੰਚ ਗਈ ਪਰ ਮੂੰਹ ਦੇ ਅੰਦਰ ਨਾ ਜਾ ਸਕੀ। ਘਰ ਵਾਲੀ ਨੇ ਕਿਹਾ ਕਿ ਅੱਜ ਤੁਹਾਡੇ ਅੰਦਰ ਰੋਟੀ ਕਿਉਂ ਨਹੀਂ ਜਾ ਰਹੀ। ਕੁਝ ਦੇਰ ਇੰਤਜ਼ਾਰ ਕਰਨ ਤੋਂ ਬਾਅਦ ਬਾਬਾ ਮੋਤੀ ਰਾਮ ਮਹਿਰਾ ਦੀ ਮਾਂ ਕਹਿਣ ਲੱਗੀ, “ਬੇਟਾ ! ਕੀ ਗੱਲ ਹੈ, ਅੱਜ ਰੋਟੀ ਨਹੀਂ ਖਾ ਰਿਹਾ।” ਤਾਂ ਮੋਤੀ ਰਾਮ ਨੇ ਕਿਹਾ, “ਮਾਤਾ ਗੁਜਰੀ ਤੇ ਛੋਟੇ ਲਾਲ (ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ) ਭੁੱਖੇ ਹਨ, ਮੇਰੇ ਅੰਦਰ ਰੋਟੀ ਕਿਵੇਂ ਜਾਵੇਗੀ। ਮੈਨੂੰ ਪ੍ਰਸ਼ਾਦਾ ਚੰਗਾ ਨਹੀਂ ਲੱਗਦਾ। ਮੈਂ ਰੋਟੀ ਨਹੀਂ ਖਾ ਸਕਦਾ। ਚੁੱਕ ਲਵੋ।

ਓਧਰ ਨਵਾਬ ਵਜ਼ੀਰ ਖਾਂ ਨੇ ਸ਼ਹਿਰ ਵਿੱਚ ਲਾਊਡ ਸਪੀਕਰ ਰਾਹੀਂ ਢੋਲ ਦੇ ਡੱਗੇ ਤੇ ਮਨਾਦੀ (ਡੌਂਡੀ) ਕਰਾਈ ਕਿ ਜੋ ਵੀ ਗੁਰੂ ਜੀ ਦੇ ਮਾਤਾ (ਮਾਤਾ ਗੁੱਜਰ ਕੌਰ) ਤੇ ਬੱਚਿਆਂ (ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ) ਦੀ ਮਦਦ ਕਰਨ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਬੱਚਿਆਂ ਸਮੇਤ ਕੋਹਲੂ ਵਿੱਚ ਪੀੜ ਦਿੱਤਾ ਜਾਵੇਗਾ। ਇਹ ਸੁਣ ਕੇ ਭਾਈ ਮੋਤੀ ਰਾਮ ਮਹਿਰਾ ਦੀ ਬਿਰਧ ਮਾਤਾ ਕੰਬ ਗਈ। ਉਸ ਨੇ ਆਪਣੇ ਪੁੱਤਰ ਭਾਈ ਮੋਤੀ ਰਾਮ ਨੂੰ ਕਿਹਾ, “ਤੈਨੂੰ ਮੇਰੇ ਅਤੇ ਆਪਣੀ ਬੀਵੀ-ਬੱਚੇ ਤੇ ਤਰਸ ਨਹੀਂ। ਜਵਾਨੀ ਦੇ ਜੋਸ਼ ਵਿੱਚ ਕੀ ਕਰਨ ਜਾ ਰਿਹਾ ਹੈਂ, ਕੁਝ ਸੋਚ ਵਿਚਾਰ ਕਰ।” ਬਿਰਧ ਮਾਤਾ ਤਰਲੇ ਲੈ ਰਹੀ ਸੀ। ਮੋਤੀ ਰਾਮ ਕਹਿਣ ਲੱਗਾ, “ਕਿ ਜੇਕਰ ਮੈਂ ਅੱਜ ਰੁਕ ਗਿਆ ਤਾਂ ਸਰਹਿੰਦ ਦੇ ਸਾਰੇ ਸਿੱਖ ਸ਼ਰਧਾਲੂਆਂ ਦੀ ਸਿੱਖੀ ਡੋਲ ਗਈ ਸਮਝੀ ਜਾਵੇਗੀ ਤੇ ਆਉਣ ਵਾਲੇ ਸਮੇਂ ਨੇ ਸਾਨੂੰ ਮਾਫ਼ ਨਹੀਂ ਕਰਨਾ।

ਭਾਈ ਮੋਤੀ ਰਾਮ ਨੇ ਆਪਣੀ ਧਰਮ ਪਤਨੀ ਨੂੰ ਸਮਝਾਇਆ। ਜੇਕਰ ਉਹ ਮੇਰੇ ਨਾਲ ਸਹਿਮਤ ਹੈ ਤਾਂ ਇੱਕ ਗੱਲ ਕਹਿੰਦਾ ਹਾਂ ਕਿ ਮੈਂ ਗਾਂ ਦਾ ਦੁੱਧ ਅਤੇ ਜਲ ਲੈ ਕੇ ਜਾਵਾਂਗਾ। ਜੇਕਰ ਤੁਸੀਂ ਆਪਣੇ ਗਹਿਣੇ ਮੈਨੂੰ ਦੇ ਦੇਵੋ। ਉਸ ਦੀ ਧਰਮ ਪਤਨੀ ਬੀਬੀ ਭੋਲੀ ਘਰ ਦੇ ਅੰਦਰ ਗਈ। ਉਸ ਨੂੰ ਪਿਤਾ ਨੇ ਜੋ ਗਹਿਣੇ ਵਿਆਹ ਸਮੇਂ ਪਾਏ ਸਨ ਤੇ ਕੁਝ ਸਿੱਕੇ ਜੋ ਸਨ ਉਹ ਲਿਆ ਕੇ ਭਾਈ ਮੋਤੀ ਰਾਮ ਜੀ ਨੂੰ ਦਿੱਤੇ ਤੇ ਕਿਹਾ, “ਸੁਆਮੀ ਜੀ ! ਪਹਿਰੇਦਾਰ ਜੋ ਪਹਿਰੇ ਤੇ ਖੜ੍ਹੇ ਹੁੰਦੇ ਹਨ, ਉਹ ਟਕੇ-ਟਕੇ ਤੇ ਵਿਕ ਜਾਂਦੇ ਹਨ। ਉਹਨਾਂ ਨੂੰ ਇਹ ਗਹਿਣੇ ਰਿਸ਼ਵਤ ਦੇ ਦੇਣੀ। ਇੱਕ ਗੜਵਾ ਚੰਗੀ ਤਰ੍ਹਾਂ ਸਾਫ਼ ਕਰਕੇ ਦੁੱਧ ਦਾ ਭਰ ਕੇ ਦਿੱਤਾ ਤੇ ਨਾਲ ਸੁੱਕੇ ਮੇਵੇ ਅਤੇ ਕੋਰੇ ਭਾਂਡੇ ਵਿੱਚ ਜਲ ਲੈ ਕੇ ਭਾਈ ਮੋਤੀ ਰਾਮ ਠੰਡੇ ਬੁਰਜ ਵੱਲ ਚੱਲ ਪਏ। ਭਾਈ ਮੋਤੀ ਰਾਮ ਪਹਿਰੇਦਾਰ ਨੂੰ ਗਹਿਣੇ (ਰਿਸ਼ਵਤ) ਦੇ ਕੇ ਮਾਤਾ ਗੁੱਜਰ ਕੌਰ ਤੇ ਛੋਟੇ ਸਾਹਿਬਜ਼ਾਦਿਆਂ ਕੋਲ ਠੰਡੇ ਬੁਰਜ ਵਿੱਚ ਪਹੁੰਚ ਗਿਆ ਤੇ ਚਰਨਾਂ ਵਿੱਚ ਨਿਮਰਤਾ ਸਹਿਤ ਬੇਨਤੀ ਕੀਤੀ। ਇਹ ਦੁੱਧ ਇਸ ਗ਼ਰੀਬ ਸੇਵਕ ਦੇ ਘਰ ਦਾ ਹੈ। ਆਪ ਵੀ ਛਕੋ ਤੇ ਸਾਹਿਬਜ਼ਾਦਿਆਂ ਨੂੰ ਵੀ ਦੁੱਧ ਛਕਾਓ। ਧੰਨ ਮਾਤਾ ਗੁੱਜਰ ਕੌਰ ਕਹਿਣ ਲੱਗੀ, “ਮੋਤੀਆ ! ਸਾਨੂੰ ਦੁੱਧ ਤਾਂ ਛਕਾ ਰਿਹਾ ਹੈਂ। ਜੇਕਰ ਸੂਬੇ ਨੂੰ ਪਤਾ ਲੱਗ ਗਿਆ ਤਾਂ ਤੈਨੂੰ ਪਤਾ ਹੈ ਕਿ ਤੇਰੇ ਪਰਿਵਾਰ ਨਾਲ ਕੀ ਹੋਵੇਗਾ।” ਬਾਬਾ ਮੋਤੀ ਰਾਮ ਮਹਿਰਾ, ਮਾਤਾ ਗੁੱਜਰ ਕੌਰ ਜੀ ਨੂੰ ਕਹਿਣ ਲੱਗਾ, “ਤੁਸੀਂ ਦੁੱਧ ਛਕ ਕੇ ਮੇਰੇ ਸਿਰ ਤੇ ਹੱਥ ਰੱਖ ਦਿਓ। ਮਾਤਾ ਜੀ ਨੇ ਪ੍ਰਸੰਨਚਿੱਤ ਹੋ ਕੇ ਭਾਈ ਮੋਤੀ ਰਾਮ ਨੂੰ ਅਸ਼ੀਰਵਾਦ ਦਿੱਤਾ। ਭਾਈ ਮੋਤੀ ਰਾਮ ਦੇ ਮਨ ਨੂੰ ਸ਼ਾਂਤੀ ਮਿਲੀ। ਘਰ ਪੁੱਜ ਕੇ ਆਪਣੀ ਬਿਰਧ ਮਾਤਾ ਅਤੇ ਪਤਨੀ ਨੂੰ ਸਾਰੀ ਗੱਲ ਦੱਸੀ। ਭਾਈ ਮੋਤੀ ਰਾਮ ਤਿੰਨ ਦਿਨ (10, 11 ਤੇ 12 ਪੋਹ) ਰਾਤ ਵੇਲੇ ਦੁੱਧ, ਮੇਵੇ ਅਤੇ ਜਲ ਦੀ ਸੇਵਾ ਮਾਤਾ ਗੁੱਜਰ ਕੌਰ ਤੇ ਛੋਟੇ ਸਾਹਿਬਜ਼ਾਦਿਆਂ ਦੀ ਕਰਦੇ ਰਹੇ।

ਦੋਵਾਂ ਸਾਹਿਬਜ਼ਾਦਿਆਂ ਦੀਆਂ ਤਿੰਨ ਪੇਸ਼ੀਆਂ ਹੋਈਆਂ। ਕਈ ਤਰ੍ਹਾਂ ਦੇ ਡਰ, ਲਾਲਚ ਦਿੱਤੇ ਗਏ। ਦਬਾਅ ਵੀ ਪਾਇਆ ਗਿਆ ਕਿ ਮੁਸਲਮਾਨ ਧਰਮ ਕਬੂਲ ਕਰ ਲੈਣ। ਦਰਬਾਰ ਵਿੱਚ ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਂ ਵੀ ਹਾਜ਼ਰ ਸੀ। ਉਸ ਨੇ ਆਹ ਦਾ ਨਾਅਰਾ ਮਾਰਿਆ। ਮੈਂ ਆਪਣੇ ਭਰਾ ਦੀ ਮੌਤ ਦਾ ਬਦਲਾ ਗੁਰੂ ਗੋਬਿੰਦ ਸਿੰਘ ਜੀ ਤੋਂ ਜ਼ਰੂਰ ਲੈਣਾ ਹੈ। ਪਰ ਇਹਨਾਂ ਮਾਸੂਮ ਬਾਲਕਾਂ ਨੇ ਮੇਰਾ ਕੁਝ ਨਹੀਂ ਵਿਗਾੜਿਆ। ਜਦੋਂ ਕੋਈ ਵੀ ਹੀਲਾ ਨਾ ਚੱਲਿਆ ਤਾਂ ਕਾਜ਼ੀ ਨੇ ਫਤਵਾ ਸੁਣਾ ਦਿੱਤਾ ਕਿ ਇਹਨਾਂ ਨੂੰ ਨੀਹਾਂ ਵਿੱਚ ਚਿਣ ਕੇ ਸ਼ਹੀਦ ਕਰ ਦਿੱਤਾ ਜਾਵੇ। ਨਵਾਬ ਵਜ਼ੀਰ ਖਾਂ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕਰਵਾ ਦਿੱਤਾ।

ਭਾਈ ਮੋਤੀ ਰਾਮ ਮਹਿਰਾ ਨੇ ਸੇਠ ਦੀਵਾਨ ਟੋਡਰ ਮੱਲ ਨੂੰ ਇਹਨਾਂ ਮ੍ਰਿਤਕ ਸਰੀਰਾਂ ਦਾ ਸਸਕਾਰ ਕਰਨ ਦਾ ਪ੍ਰਬੰਧ ਕਰਨ ਦੀ ਬੇਨਤੀ ਕੀਤੀ। ਬਾਬਾ ਮੋਤੀ ਰਾਮ ਜੀ ਨੇ ਜੰਗਲਾਂ ਵਿੱਚ ਜਾ ਕੇ ਚੌਧਰੀ ਅੱਤਾ ਖਾਂ ਤੋਂ ਚੰਦਨ ਦੀਆਂ ਲੱਕੜਾਂ ਦੇ ਗੱਡੇ ਦਾ ਪ੍ਰਬੰਧ ਕੀਤਾ। ਸਿੱਖ ਮਰਯਾਦਾ ਅਨੁਸਾਰ ਮਾਤਾ ਗੁੱਜਰ ਕੌਰ ਜੀ ਅਤੇ ਦੋਵੇਂ ਸਾਹਿਬਜ਼ਾਦਿਆਂ ਦੇ ਮ੍ਰਿਤਕ ਸਰੀਰਾਂ ਦਾ ਸਸਕਾਰ ਕੀਤਾ ਗਿਆ। ਅੱਜ ਉਸ ਸਥਾਨ ਤੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਸਸ਼ੋਭਿਤ ਹੈ।

ਕੁਝ ਸਮਾਂ ਬੀਤਣ ਤੋਂ ਬਾਅਦ ਨਵਾਬ ਵਜੀਰ ਖਾਂ ਕੋਲ ਪੰਮੇ ਲੰਗੇ ਨੇ ਆ ਕੇ ਚੁਗਲੀ ਕੀਤੀ ਕਿ ਬਾਬਾ ਮੋਤੀ ਰਾਮ ਮਹਿਰਾ ਨੇ ਮਾਤਾ ਗੁੱਜਰ ਕੌਰ ਤੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਨੂੰ ਦੁੱਧ, ਮੇਵੇ ਤੇ ਜਲ ਛਕਾਇਆ ਹੈ। ਉਹਨਾਂ ਦੇ ਸਸਕਾਰ ਲਈ ਲੱਕੜਾਂ ਦਾ ਪ੍ਰਬੰਧ ਵੀ ਇਸ ਦੁਆਰਾ ਹੀ ਕੀਤਾ ਗਿਆ ਸੀ। ਨਵਾਬ ਵਜ਼ੀਰ ਖਾਂ ਨੇ ਬਾਬਾ ਮੋਤੀ ਰਾਮ ਮਹਿਰਾ, ਉਸ ਦੀ ਮਾਤਾ ਲੱਧੋ, ਪਤਨੀ ਭੋਲੀ ਅਤੇ ਇੱਕ ਛੋਟੇ ਜਿਹੇ ਪੁੱਤਰ ਜੀਤੂ ਦੀ ਗ੍ਰਿਫ਼ਤਾਰੀ ਦਾ ਹੁਕਮ ਦਿੱਤਾ। ਨਵਾਬ ਵਜ਼ੀਰ ਖਾਂ ਦੇ ਦਰਬਾਰ ਵਿੱਚ ਮੋਤੀ ਰਾਮ ਮਹਿਰਾ ਨੂੰ ਪੇਸ਼ ਕੀਤਾ ਗਿਆ। ਨਵਾਬ ਨੇ ਮੋਤੀ ਰਾਮ ਤੋਂ ਉਹਨਾਂ ਉੱਤੇ ਲੱਗੇ ਇਲਜ਼ਾਮਾਂ ਪ੍ਰਤੀ ਸਫ਼ਾਈ ਮੰਗੀ। ਬਾਬਾ ਮੋਤੀ ਰਾਮ ਮਹਿਰਾ ਨੇ ਆਪਣੇ ਕੀਤੇ ਨੂੰ ਛਪਾਉਣ ਦਾ ਯਤਨ ਨਹੀਂ ਕੀਤਾ ਸਗੋਂ ਦਲੇਰੀ, ਹਿੰਮਤ ਨਾਲ ਨਵਾਬ ਨੂੰ ਕਿਹਾ, “ਕਿ ਕੈਦੀ ਬੱਚਿਆਂ ਅਤੇ ਉਹਨਾਂ ਦੀ ਦਾਦੀ ਦੀ ਸੇਵਾ ਕਰਨਾ, ਉਸ ਦੀ ਪਵਿੱਤਰ ਡਿਊਟੀ ਹੈ। ਮੈਂ ਦੁੱਧ ਅਤੇ ਜਲ ਦੀ ਸੇਵਾ ਕਰਕੇ ਆਪਣਾ ਧਰਮ ਨਿਭਾਇਆ ਹੈ, ਕੋਈ ਗਦਾਰੀ ਨਹੀਂ ਕੀਤੀ। ਚੰਦਨ ਦੀਆਂ ਲੱਕੜਾਂ ਦਾ ਪ੍ਰਬੰਧ ਕਰਨਾ ਵੀ ਮੇਰਾ ਫ਼ਰਜ਼ ਸੀ ਤਾਂ ਕਿ ਉਹਨਾਂ ਤਿੰਨ ਪਵਿੱਤਰ ਸਰੀਰਾਂ ਦਾ ਧਾਰਮਿਕ ਮਰਯਾਦਾ ਅਨੁਸਾਰ ਸਸਕਾਰ ਹੋ ਸਕੇ।

ਬਾਬਾ ਮੋਤੀ ਰਾਮ ਮਹਿਰਾ, ਉਸ ਦੀ ਪਤਨੀ ਭੋਲੀ, ਬਜ਼ੁਰਗ ਮਾਤਾ ਤੇ ਪੁੱਤਰ ਜੀਤੂ ਨੂੰ ਮੂੰਹ ਹਨੇਰੇ ਸੁੱਤੇ ਪਰਿਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ। ਬਾਬਾ ਮੋਤੀ ਰਾਮ ਨੂੰ ਪਰਿਵਾਰ ਸਮੇਤ ਦੀਨ ਕਬੂਲ ਕਰਨ ਲਈ ਕਿਹਾ ਜਾਂ ਫਿਰ ਕੋਹਲੂ ਵਿੱਚ ਪਿੜ ਜਾਣ ਲਈ ਤਿਆਰ ਹੋ ਜਾਉ। ਬਾਬਾ ਮੋਤੀ ਰਾਮ ਨੇ ਸੂਬੇਦਾਰ ਨੂੰ ਸੰਬੋਧਨ ਹੋ ਕੇ ਆਖਿਆ ਕਿ ਮੈਨੂੰ ਤੇਰੇ ਤੋਂ ਕਿਸੇ ਇਨਸਾਫ਼ ਦੀ ਆਸ ਨਹੀਂ। ਤੂੰ ਜੋ ਚਾਹੇਂ ਕਰ ਸਕਦਾ ਹੈਂ ਕਰ ਪਰ ਮੈਨੂੰ ਮੇਰੇ ਧਰਮ ਤੋਂ ਕਦੇ ਡੁਲਾ ਨਹੀਂ ਸਕਦਾ। ਬਾਬਾ ਮੋਤੀ ਰਾਮ ਦੇ ਪੁੱਤਰ ਜੀਤੂ ਨੂੰ ਖ਼ੂਨੀ ਕੋਹਲੂ ਵੱਲ ਸਿਪਾਹੀ ਲੈ ਕੇ ਜਾ ਰਹੇ ਸਨ। ਬਾਬਾ ਮੋਤੀ ਰਾਮ ਦੀ ਬਜ਼ੁਰਗ ਮਾਤਾ ਆਪਣੇ ਲਾਡਲੇ ਪੋਤੇ ਨੂੰ ਖ਼ੂਨੀ ਕੋਹਲੂ ਵੱਲ ਜਾਂਦੇ ਦੇਖ ਕੇ ਸੂਬੇਦਾਰ ਵਜ਼ੀਰ ਖਾਂ ਨੂੰ ਕਿਹਾ, “ਵੇ ਜ਼ਾਲਮਾਂ ! ਪਹਿਲਾਂ ਮੈਨੂੰ ਕਤਲ ਕਰ ਲੈ।” ਬਾਬਾ ਮੋਤੀ ਰਾਮ ਮਹਿਰਾ ਦੀ ਧਰਮ ਪਤਨੀ ਬੀਬੀ ਭੋਲੀ ਨੇ ਉੱਚੀ-ਉੱਚੀ ਚੀਕ ਕੇ ਕਿਹਾ, “ਵੇ ਸੂਬਿਆ ! ਆਪਣੇ ਜ਼ੁਲਮ ਦੀ ਇੰਤਹਾ ਦੇ ਕੋਹਲੂ ਵਿੱਚ ਮੈਨੂੰ ਨਪੀੜ ਲੈ।” ਬਾਬਾ ਮੋਤੀ ਰਾਮ ਦੀਆਂ ਅੱਖਾਂ ਦੇ ਸਾਹਮਣੇ ਵਾਰੀ-ਵਾਰੀ ਪੁੱਤਰ, ਬਜ਼ੁਰਗ ਮਾਤਾ ਤੇ ਪਤਨੀ ਸਭ ਨੂੰ ਤਿਲਾਂ ਵਾਂਗ ਕੋਹਲੂ ਵਿੱਚ ਨਪੀੜ ਦਿੱਤਾ ਗਿਆ। ਅਖ਼ੀਰ ਵਿੱਚ ਸੂਬੇਦਾਰ ਦੇ ਸਿਪਾਹੀਆਂ ਨੇ ਬਾਬਾ ਮੋਤੀ ਰਾਮ ਜੋ “ਸਤਿਨਾਮ-ਵਾਹਿਗੁਰੂ” ਦਾ ਜਾਪ ਕਰ ਰਹੇ ਸਨ। ਉਹਨਾਂ ਨੂੰ ਵੀ ਤਿਲਾਂ ਵਾਂਗ ਕੋਹਲੂ ਵਿੱਚ ਨਪੀੜ ਦਿੱਤਾ। ਸਰਹਿੰਦ ਦੀ ਕਚਹਿਰੀ ਵਿੱਚ ਜੁੜੀ ਖਲਕਤ ਇਸ ਜ਼ੁਲਮ ਨੂੰ ਵੇਖ ਕੇ ਤ੍ਰਾਹ-ਤ੍ਰਾਹ ਕਰ ਰਹੀ ਸੀ। ਸਹਿਬਜ਼ਾਦਿਆਂ ਦੀ ਸ਼ਹਾਦਤ ਵਾਲੇ ਯਾਦਗਾਰੀ ਦਿਹਾੜੇ ਵਾਂਗ ਅਮਰ ਸ਼ਹੀਦ ਬਾਬਾ ਮੋਤੀ ਰਾਮ ਦੀ ਸ਼ਹਾਦਤ ਵਾਲੇ ਦਿਨ ਵੀ ਸਰਹਿੰਦ ਦੇ ਹਿੰਦੂ-ਸਿੱਖ ਘਰਾਂ ਵਿੱਚ ਚੁੱਲ੍ਹਾ ਨਹੀਂ ਸੀ ਬਲਿਆ।

ਬਾਬਾ ਮੋਤੀ ਰਾਮ ਮਹਿਰਾ ਜੀ ਦੀ ਯਾਦਗਾਰ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਉਹਨਾਂ ਦੇ ਭਾਈਚਾਰਕ ਵਾਰਸਾਂ ਵੱਲੋਂ ਬਣਾਈ ਗਈ। ਬਾਬਾ ਮੋਤੀ ਰਾਮ ਜੀ ਦੇ ਨਾਂ ਤੇ ਫਤਿਹਗੜ੍ਹ ਸਾਹਿਬ ਤੇ ਹੋਰ ਕਈ ਸ਼ਹਿਰਾਂ ਵਿੱਚ ਟ੍ਰਸਟ, ਅਦਾਰੇ ਚੱਲ ਰਹੇ ਹਨ। ਬਾਬਾ ਮੋਤੀ ਰਾਮ ਮਹਿਰਾ ਜੀ ਦਾ ਸ਼ਹੀਦੀ ਦਿਹਾੜਾ ਫਤਿਹਗੜ੍ਹ ਸਾਹਿਬ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਬਾਬਾ ਮੋਤੀ ਰਾਮ ਜੀ ਨੇ ਜੋ ਸੇਵਾ ਕਮਾਈ, ਉਹ ਰਹਿੰਦੀ ਦੁਨੀਆਂ ਤੱਕ ਯਾਦ ਰਹੇਗੀ।

ਬਾਬਾ ਮੋਤੀ ਰਾਮ ਜੀ ਨੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਜੀ ਤੇ ਮਾਤਾ ਗੁੱਜਰ ਕੌਰ ਨੂੰ ਜਿਨ੍ਹਾਂ ਗਲਾਸਾਂ ਵਿੱਚ ਦੁੱਧ ਤੇ ਜਲ ਛਕਾਇਆ ਸੀ। ਉਹ ਗਲਾਸ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਸੰਗਤਾਂ ਦੇ ਦਰਸ਼ਨਾਂ ਲਈ ਰੱਖੇ ਹੋਏ ਹਨ। ਜਿਨ੍ਹਾਂ ਦੇ ਲੱਖਾਂ ਹੀ ਸੰਗਤਾਂ ਦਰਸ਼ਨ ਕਰਦੀਆਂ ਹਨ।

ਬਾਬਾ ਮੋਤੀ ਰਾਮ ਜੀ ਦਾ ਸ਼ਹੀਦੀ ਦਿਵਸ 3 ਜਨਵਰੀ ਦਿਨ ਸ਼ਨੀਵਾਰ ਨੂੰ ਯਾਦਗਾਰ ਗੁਰਦੁਆਰਾ ਬਾਬਾ ਮੋਤੀ ਰਾਮ ਜੀ ਮਹਿਰਾ ਫਤਿਹਗੜ੍ਹ ਸਾਹਿਬ ਵਿਖੇ ਮਨਾਇਆ ਜਾ ਰਿਹਾ ਹੈ। ਇਸ ਮੌਕੇ ਪੰਥ ਪ੍ਰਸਿੱਧ ਰਾਗੀ, ਢਾਡੀ ਜਥੇ ਇਤਿਹਾਸ ਅਤੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੁਆਰਾ ਬਾਬਾ ਜੀ ਦੀ ਅਦੁੱਤੀ ਕੁਰਬਾਨੀ ਬਾਰੇ ਸੰਗਤਾਂ ਨੂੰ ਨਿਹਾਲ ਕਰਨਗੇ।

**-ਕਰਨੈਲ ਸਿੰਘ ਐੱਮ.ਏ. ਲੁਧਿਆਣਾ**
**#1138/63-ਏ, ਗੁਰੂ ਤੇਗ ਬਹਾਦਰ ਨਗਰ,**
**ਗਲੀ ਨੰਬਰ 1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ**

## ਸ਼੍ਰੋਮਣੀ ਗਤਕਾ ਅਖਾੜਾ (ਤਰਨਾ ਦਲ) ਸੇਵਕ ਜੱਥਾ ਇਸ਼ਨਾਨ ਵੱਲੋਂ ਬਾਬਾ ਦੀਪ ਸਿੰਘ ਜੀ ਦੇ ਜਨਮ ਅਸਥਾਨ ਪਹੂਵਿੰਡ ਸਾਹਿਬ ਦੇ ਗੁਰਦੁਆਰਾ ਸਾਹਿਬ ਦੇ ਗੁੰਬਦ ਅਤੇ ਸਮੁੱਚੇ ਕੰਮਪਲੈਕਸ ਦੇ ਇਸ਼ਨਾਨ ਦੀ ਸੇਵਾ ਨਿਭਾਈ ਗਈ



ਜੰਡਿਆਲਾ ਗੁਰੂ 2 ਜਨਵਰੀ (ਕੁਲਵੰਤ ਸਿੰਘ ਵਿਰਦੀ ) ਅਣਖੀਲੇ ਜਰਨੈਲ, ਸੂਰਬੀਰ ਯੋਧੇ, ਕਹਿਣੀ ਅਤੇ ਕਰਨੀ ਦੇ ਪੂਰੇ ਦਮਦਮੀ ਟਕਸਾਲ ਦੇ ਪਹਿਲੇ ਮੁੱਖੀ,ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਅਜ਼ਮਤ ਖਾਤਰ ਆਪਾ ਵਾਰਨ ਵਾਲੇ ਲਾਸਾਨੀ ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ 27 ਜਨਵਰੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਨੇਜਰ ਸ੍ਰੀ ਦਰਬਾਰ ਸਾਹਿਬ, ਮੈਨੇਜਰ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਦੇ ਮੈਨੇਜਰ ਸ੍ ਜਤਿੰਦਰ ਪਾਲ ਅਤੇ ਸ਼ਹਿਰ ਦੀਆਂ ਸੰਮੂਹ ਧਾਰਮਿਕ ਸਭਾ ਸੁਸਾਇਟੀਆ ਅਤੇ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖੇ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ।ਇਸੇ ਸਬੰਧ ਵਿੱਚ ਬਾਬਾ ਦੀਪ ਸਿੰਘ ਜੀ ਦੇ ਜਨਮ ਅਸਥਾਨ ਪਹੂਵਿੰਡ ਵਿਖੇ ਸੁਸ਼ੋਭਿਤ ਗੁਰਦੁਆਰਾ ਧੰਨ ਧੰਨ ਬਾਬਾ ਦੀਪ ਸਿੰਘ ਜੀ ਪਹੂਵਿੰਡ ਵਿਖੇ ਵੀ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਪੰਥਕ ਰਵਾਇਤਾਂ ਅਨੁਸਾਰ ਖ਼ਾਲਸਾਈ ਜਾਹੋ -ਜਲਾਲ ਨਾਲ ਮਨਾਇਆ ਜਾ ਰਿਹਾ ਹੈ। ਸ਼੍ਰੋਮਣੀ ਗਤਕਾ ਅਖਾੜਾ ਦੇ ਮੋਢੀ ਅਤੇ ਮੁੱਖ ਸੇਵਾਦਾਰ ਜਥੇਦਾਰ ਸੁਖਵੰਤ ਸਿੰਘ ਬਿੱਟੂ ਵੀਰ ਜੀ ਦੇ ਜੱਥੇ ਦੇ ਮੈਂਬਰਾਂ ਤੋਂ ਇਲਾਵਾ ਇਲਾਕੇ ਦੀਆਂ ਸੰਗਤਾਂ ਵਲੋਂ ਬੀਤੇ ਦਿਨ 31 ਦਸੰਬਰ ਸਵੇਰੇ 9 ਵਜੇ ਤੋਂ ਸ਼ਾਮ ਲਗਪਗ 5 ਵਜੇ ਤੱਕ ਗੁੰਬਦਾਂ ਦੀ ਧੁਆਈ ਦੀ ਸੇਵਾ ਉਪਰੰਤ ਸਮੁਚੇ ਗੁਰਦੁਆਰਾ ਪਰਿਸਰ ਨੂੰ ਨਿਰਮਲ ਜਲ ਨਾਲ ਸੰਗਤਾਂ ਦੇ ਠਾਠਾਂ ਮਾਰਦੇ ਹੜ ਵਲੋਂ ਸਤਿਨਾਮ ਸ਼੍ਰੀ ਵਾਹਿਗੁਰੂ ਜੀ, ਸਤਿਨਾਮ ਸ਼੍ਰੀ ਵਾਹਿਗੁਰੂ ਜੀ।। ਬੋਲ਼ੇ ਸੋ ਨਿਹਾਲ ਸਤਿ ਸ਼੍ਰੀ ਅਕਾਲ ਦੇ ਅਕਾਸ਼ ਗੁੰਜਾਊ ਜੈਕਾਰਿਆਂ ਨਾਲ ਜਿੱਥੇ ਇਸ਼ਨਾਨ ਦੀ ਸੇਵਾ ਨਿਭਾਈ ਗਈ ਉਥੇ ਵਾਤਾਵਰਨ ਦੀ ਸੁਧ ਹੋ ਗਿਆ। ਗੁਰਦੁਆਰਾ ਪਹੂਵਿੰਡ ਸਾਹਿਬ ਦੇ ਹੈੱਡ ਗ੍ਰੰਥੀ ਬਾਬਾ ਕੁਲਵੰਤ ਸਿੰਘ ਨੇ ਦੱਸਿਆ ਕਿ ਜਿਉਂ ਜਿਉਂ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਨਜ਼ਦੀਕ ਆ ਰਿਹਾ ਹੈ ਤਿਉਂ ਤਿਉਂ ਤਿਉਂ ਸੰਗਤਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਨਗਰ ਵਾਸੀਆਂ ਵੱਲੋਂ ਹੁਣ ਤੋਂ ਹੀ ਆਪਣੇ ਘਰਾਂ ਦੇ ਆਲੇ ਦੁਆਲੇ ਸਾਫ਼ ਸਫ਼ਾਈ ਵੱਲ ਵਿਸ਼ੇਸ਼ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਹੈ। ਤਾਂ ਕਿ ਦੇਸ਼ਾਂ ਅਤੇ ਵਿਦੇਸ਼ਾਂ ਵਿਚੋ ਲੱਖਾਂ ਦੀ ਗਿਣਤੀ ਵਿਚ ਇਸ ਪਾਵਨ ਅਸਥਾਨ ਤੇ ਨਤਮਸਤਕ ਹੋਣ ਲਈ ਆ ਰਹੀਆ ਸੰਗਤਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹਈਆ ਕਰਵਾਈਆਂ ਜਾ ਸਕਣ। ਇਸ ਲਈ ਪਾਣੀ ਅਤੇ ਬਿਜਲੀ ਦੇ ਵਿਸ਼ੇਸ਼ ਪ੍ਰਬੰਧ ਪੁਖਤਾ ਕੀਤੇ ਜਾ ਰਹੇ ਹਨ। ਆਸ ਪਾਸ ਪਿੰਡਾਂ ਦੇ ਲੋਕਾਂ ਵਲੋਂ ਸਾਰੇ ਇਲਾਕੇ ਨੂੰ ਨਵੀਂ ਦੁਲਹਨ ਦੀ ਤਰ੍ਹਾਂ ਸੰਵਾਰਿਆ ਜਾ ਰਿਹਾ ਹੈ। ਸੰਗਤਾਂ ਵਲੋਂ 27 ਜਨਵਰੀ ਦੀ ਬੜੀ ਬੇਸਬਰੀ ਨਾਲ ਉਡੀਕ ਕੀਤੀ ਜਾ ਰਹੀ ਹੈ।ਇਸ ਮੌਕੇ ਸ਼੍ਰੋਮਣੀ ਗਤਕਾ ਅਖਾੜਾ ਦੇ ਮੋਢੀ ਅਤੇ ਮੁੱਖ ਸੇਵਾਦਾਰ ਸੇਵਕ ਜੱਥਾ ਇਸ਼ਨਾਨ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਦੇ ਜਥੇਦਾਰ ਸੁਖਵੰਤ ਸਿੰਘ ਬਿੱਟੂ, ਸ੍ ਹਰਜਿੰਦਰ ਸਿੰਘ,ਕਾਕਾ ਜਸਦੀਪ ਸਿੰਘ, ਸ੍ ਲੱਖਾ ਸਿੰਘ, ਸ੍ ਗੁਰਸੇਵਕ ਸਿੰਘ, ਸ੍ ਗੁਰਮੁੱਖ ਸਿੰਘ, ਸ੍ ਸੰਦੀਪ ਸਿੰਘ,ਲਾਲੀ ਵੀਰ ਜੀ, ਪੱਪੂ ਵੀਰ ਜੀ ਕੱਪੜੇ ਵਾਲੇ, ਨੂੰ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਬਾਬਾ ਕੁਲਵੰਤ ਸਿੰਘ ਨੇ ਆਪਣੇ ਕਰ ਕਮਲਾਂ ਨਾਲ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਨਿਵਾਜਿਆ।

## ਪੱਤਰਕਾਰਾਂ ’ਤੇ ਪਰਚਾ ਦਰਜ਼ ਕਰਨ ਦੀ ਦਮਦਮਾ ਸਾਹਿਬ ਪ੍ਰੈੱਸ ਕਲੱਬ ਨੇ ਕੀਤੀ ਜ਼ੋਰਦਾਰ ਨਿਖੇਧੀ

ਤਲਵੰਡੀ ਸਾਬੋ, 02 ਜਨਵਰੀ (ਗੁਰਜੰਟ ਸਿੰਘ ਨਥੇਹਾ)- ਨਵੇਂ ਵਰ੍ਹੇ ਦੀ ਆਮਦ ਤੇ ਪੰਜਾਬ ਸਰਕਾਰ ਵੱਲੋਂ ਕੁਝ ਪੱਤਰਕਾਰਾਂ ਸਮੇਤ ਕੁੱਲ 10 ਜਣਿਆਂ ਖਿਲਾਫ ਥਾਣਾ ਸਿਟੀ ਲੁਧਿਆਣਾ ਦੇ ਸਾਈਬਰ ਸੈੱਲ ਵਿਖੇ ਪਰਚਾ ਦਰਜ ਕਰਨ ਦੀ ਤਲਵੰਡੀ ਸਾਬੋ ਨਗਰ ਦੇ ਪੱਤਰਕਾਰਾਂ ਦੀ ਨੁਮਾਇੰਦਾ ਜਥੇਬੰਦੀ ਦਮਦਮਾ ਸਾਹਿਬ ਪ੍ਰੈੱਸ ਕਲੱਬ ਵੱਲੋਂ ਜ਼ੋਰਦਾਰ ਨਿਖੇਧੀ ਕਰਦਿਆਂ ਤੁਰੰਤ ਉਕਤ ਪਰਚੇ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਦਮਦਮਾ ਸਾਹਿਬ ਪ੍ਰੈੱਸ ਕਲੱਬ ਦੇ ਅਹੁਦੇਦਾਰਾਂ ਤੇ ਮੈਂਬਰਾਂ ਦੀ ਇੱਕ ਹੰਗਾਮੀ ਮੀਟਿੰਗ ਕਲੱਬ ਪ੍ਰਧਾਨ ਮੁਨੀਸ਼ ਗਰਗ ਦੀ ਅਗਵਾਈ ਹੇਠ ਹੋਈ। ਮੀਟਿੰਗ ’ਚ ਸਰਬਸੰਮਤੀ ਨਾਲ ਮਤਾ ਪਾਸ ਕਰਦਿਆਂ ਪੱਤਰਕਾਰ ਮਨਦੀਪ ਸਿੰਘ ਮੱਕੜ, ਪੱਤਰਕਾਰ ਮਨਿੰਦਰਜੀਤ ਸਿੰਘ ਸਿੱਧੂ, ਮਿੰਟੂ ਗੁਰੂਸਰੀਆ ਤੋਂ ਇਲਾਵਾ ਆਰ.ਟੀ.ਆਈ ਤੇ ਸ਼ੋਸਲ ਮੀਡੀਆ ਕਾਰਕੁੰਨਾਂ ਖਿਲਾਫ ਦਰਜ਼ ਕੀਤੇ ਮਾਮਲੇ ਨੂੰ ਪ੍ਰੈੱਸ ਦੀ ਆਜ਼ਾਦੀ ਅਤੇ ਬੋਲਣ ਦੀ ਆਜ਼ਾਦੀ ’ਤੇ ਸਿੱਧਾ ਹਮਲਾ ਕਰਾਰ ਦਿੰਦਿਆਂ ਮੰਗ ਕੀਤੀ ਗਈ ਕਿ ਉਕਤ ਮਾਮਲੇ ਨੂੰ ਬਿਨਾਂ ਦੇਰੀ ਤੁਰੰਤ ਖਾਰਿਜ ਕੀਤਾ ਜਾਵੇ। ਪ੍ਰੈੱਸ ਕਲੱਬ ਦੇ ਸਮੂੰਹ ਅਹੁਦੇਦਾਰਾਂ/ਮੈਂਬਰਾਂ ਨੇ ਇਸ ਮੌਕੇ ਵਿਸ਼ਵਾਸ ਦਵਾਇਆ ਕਿ ਮਾਮਲੇ ਸਬੰਧੀ ਪੱਤਰਕਾਰ ਭਾਈਚਾਰੇ ਵੱਲੋਂ ਜੋ ਵੀ ਸੰਘਰਸ਼ ਉਲੀਕਿਆ ਜਾਵੇਗਾ ਉਸ ਵਿੱਚ ਦਮਦਮਾ ਸਾਹਿਬ ਪ੍ਰੈੱਸ ਕਲੱਬ ਹਰ ਪੱਖੋਂ ਯੋਗਦਾਨ ਪਾਵੇਗਾ। ਮੀਟਿੰਗ ’ਚ ਪਾਸ ਮਤੇ ’ਤੇ ਕਲੱਬ ਦੇ ਸਰਪ੍ਰਸਤ ਰਣਜੀਤ ਸਿੰਘ ਰਾਜੂ, ਚੇਅਰਮੈਨ ਜਗਜੀਤ ਸਿੰਘ ਸਿੱਧੂ, ਮੀਤ ਪ੍ਰਧਾਨ ਲਖਵਿੰਦਰ ਸ਼ਰਮਾਂ, ਸਕੱਤਰ ਭਾਈ ਮਾਨ ਸਿੰਘ, ਖਜ਼ਾਨਚੀ ਰਾਮ ਜਿੰਦਲ ਜਗਾ, ਪ੍ਰੈੱਸ ਸਕੱਤਰ ਗੁਰਜੰਟ ਸਿੰਘ ਨਥੇਹਾ, ਰਵਜੋਤ ਸਿੰਘ ਰਾਹੀ, ਹਰਭਜਨ ਸਿੰਘ ਖਾਲਸਾ, ਗੁਰਸੇਵਕ ਸਿੰਘ, ਪਰਵਿੰਦਰ ਸਿੰਘ, ਅੰਮ੍ਰਿਤ ਮਲਕਾਣਾ, ਕਮਲਦੀਪ ਸਿੰਘ ਸਾਰੇ ਕਾਰਜਕਾਰਨੀ ਮੈਂਬਰਾਂ ਤੋਂ ਇਲਾਵਾ ਮੈਂਬਰਾਂ ਸੁਰਿੰਦਰ ਦਮਦਮੀ ਤੇ ਖੁਸ਼ਦੀਪ ਸਿੰਘ ਖੁਸ਼ੀ ਗਿੱਲ ਨੇ ਵੀ ਸਹਿਮਤੀ ਪ੍ਰਗਟਾਈ।

## ਠੰਡ ਦੇ ਪ੍ਰਕੋਪ ਨੂੰ ਦੇਖਦਿਆਂ ਪਿੰਗਲਵਾੜਾ ਵੱਲੋਂ ਲੋੜਵੰਦਾਂ ਨੂੰ ਕੰਬਲ, ਲੋਈਆਂ ਦਿੱਤੀਆਂ ਗਈਆਂ

**ਸੰਗਰੂਰ 2 ਜਨਵਰੀ ( ਆਵਾਜ਼ਿ ਕੌਮ ਬਿਊਰੋ )**-ਸਥਾਨਿਕ ਧੂਰੀ ਰੋਡ ਸਥਿਤ ਪਿੰਗਲਵਾੜਾ ਸ਼ਾਖਾ ਦੇ ਮੁੱਖ ਪ੍ਰਬੰਧਕ ਤਰਲੋਚਨ ਸਿੰਘ ਚੀਮਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹਰਜੀਤ ਸਿੰਘ ਅਰੋੜਾ ਵਧੀਕ ਪ੍ਰਬੰਧਕ ਦੀ ਅਗਵਾਈ ਵਿੱਚ ਸ਼ਾਖਾ ਦੇ ਆਨਰੇਰੀ ਪ੍ਰਬੰਧਕਾਂ ਨੇ ਪਿੰਡ ਗੁਰਦਾਸਪੁਰਾ ਦਾ ਦੌਰਾ ਕੀਤਾ ਅਤੇ ਉਥੇ ਝੁੱਗੀ ਝੌਂਪੜੀਆਂ ਵਿੱਚ ਰਹਿ ਰਹੇ ਪਰਿਵਾਰਾਂ ਨੂੰ ਗਰਮ ਕੰਬਲ ਅਤੇ ਲੋਈਆਂ ਦੀ ਵੰਡ ਕੀਤੀ ਗਈ। ਇਸ ਮੌਕੇ ਤੇ ਉਨ੍ਹਾਂ ਨਾਲ ਪ੍ਰਿੰਸੀਪਲ ਬਲਵੰਤ ਸਿੰਘ ਈਲਵਾਲ, ਜਰਨੈਲ ਸਿੰਘ ਅਕੋਈ, ਸੁਰਿੰਦਰ ਪਾਲ ਸਿੰਘ ਸਿਦਕੀ ਪੀ ਆਰ ਓ ਅਤੇ ਮੇਜਰ ਸਿੰਘ ਧੂਰੀ ਵੀ ਹਾਜ਼ਰ ਸਨ। ਅਰੋੜਾ ਸਾਹਿਬ ਨੇ ਦੱਸਿਆ ਕਿ ਠੰਡ ਦੇ ਵੱਧ ਰਹੇ ਪ੍ਰਕੋਪ ਨੂੰ ਦੇਖਦਿਆਂ ਬੀਬੀ ਇੰਦਰਜੀਤ ਕੌਰ ਜੀ ਮੁੱਖ ਸੇਵਾਦਾਰ ਦੀਆਂ ਹਦਾਇਤਾਂ ਅਨੁਸਾਰ ਲੋੜਵੰਦਾਂ ਵਿਸ਼ੇਸ਼ ਕਰਕੇ ਝੁੱਗੀ ਝੌਂਪੜੀਆਂ ਵਾਲਿਆਂ ਨੂੰ ਇਹ ਸਹਾਇਤਾ ਕੀਤੀ ਜਾਂਦੀ ਹੈ। ਉਨਾਂ ਦੱਸਿਆ ਕਿ ਕੈਂਸਰ ਹਸਪਤਾਲ ਸੰਗਰੂਰ ਵਿਖੇ ਵੀ ਸਮੇਂ ਸਮੇਂ ਤੇ ਪਿੰਗਲਵਾੜਾ ਵੱਲੋਂ ਫਲ ਫਰੂਟ ਦੀ ਸੇਵਾ ਕੀਤੀ ਜਾਂਦੀ ਹੈ। ਸੁਰਿੰਦਰ ਪਾਲ ਸਿੰਘ ਸਿਦਕੀ ਨੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਜ਼ੋਨਲ ਦਫਤਰ ਵਿਖੇ ਸਥਿਤ ਮੋਦੀਖਾਨੇ ਲਈ ਵੀ ਸਮੇਂ ਸਮੇਂ ਤੇ ਸ਼ਾਖਾ ਵੱਲੋਂ ਕਪੜੇ ਦਿੱਤੇ ਜਾਂਦੇ ਹਨ ਜੋ ਕਿ ਲੋੜਵੰਦਾਂ ਤੱਕ ਵੰਡੇ ਜਾਂਦੇ ਹਨ। ਪ੍ਰਿੰਸੀਪਲ ਬਲਵੰਤ ਸਿੰਘ, ਜਰਨੈਲ ਸਿੰਘ ਨੇ ਪਿੰਗਲਵਾੜਾ ਵੱਲੋਂ ਨਵੇਂ ਸਾਲ ਦੀ ਸ਼ੁਰੂਆਤ ਤੇ ਹਰਜੀਤ ਸਿੰਘ ਅਰੋੜਾ ਦੀ ਅਗਵਾਈ ਵਿੱਚ ਕੀਤੀ ਇਸ ਸੇਵਾ ਦੀ ਸ਼ਲਾਘਾ ਕੀਤੀ ਅਤੇ ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਸ਼ੁਭ ਕਾਮਨਾਵਾਂ ਦਿੱਤੀਆਂ ।ਇਸ ਕਾਰਜ ਲਈ ਗੁਰਮੇਲ ਸਿੰਘ, ਹਰਦੀਪ ਸਿੰਘ, ਪ੍ਰਿੰਸ, ਰਿਤੂ ਦਾ ਸਹਿਯੋਗ ਰਿਹਾ।